ਵਿਸ਼ੇਸ਼ ਸਿੱਖਿਆ

… ਇੱਕ ਸੇਵਾ, ਕੋਈ ਥਾਂ ਨਹੀਂ।

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ

ਇਨਡਿਵਿਜੁਅਲਸ ਵਿਦ ਡਿਸਐਬਿਲਿਟੀਜ ਐਜੁਕੇਸ਼ਨ ਐਕਟ, ਫੈਡਰਲ ਰੈਗੂਲੇਸ਼ਨਸ ਦੇ ਪਾਰਟ ਬੀ ਅਤੇ ਵਿਸ਼ੇਸ਼ ਸਿੱਖਿਆ ਨੂੰ ਸੰਚਾਲਿਤ ਕਰਨ ਵਾਲੇ ਸਟੇਟ ਦੇ ਨਿਯਮਾਂ ਦੇ ਅਧੀਨ ਸ਼ਰਤਾਂ


***ਰੈਂਡੀ ਆਈ. ਡੋਰਨ (Randy I. Dorn)***

ਸਟੇਟ ਸੁਪਰਿਨਟੈਂਡੈਂਟ ਆਫ਼ ਪਬਲਿਕ ਇਨਸਟ੍ਰਕਸ਼ਨ (State Superintendent of Public Instruction)


**ਸੰਸ਼ੋਧਿਤ ਅਕਤੂਬਰ 2013**

# ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਿੱਖਿਆ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ


**ਵਿਸ਼ੇਸ਼ ਸਿੱਖਿਆ**

**ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ (Office of Superintendent of Public Instruction)**

**ਡਾ. ਡੌਗਲਸ ਐਚ. ਗਿਲ (Douglas H. Gill)**

**ਵਿਸ਼ੇਸ਼ ਸਿੱਖਿਆ ਦੇ ਡਾਇਰੈਕਟਰ**

---

ਰੈਂਡੀ ਆਈ. ਡੋਰਨ (Randy I. Dorn)

ਸੁਪਰਿਨਟੈਂਡੈਂਟ ਆਫ਼ ਪਬਲਿਕ ਇਨਸਟ੍ਰਕਸ਼ਨ (Superintendent of Public Instruction)

ਕੇਨ ਕੈਨਕਿਕੇਬਰਗ (Ken Kanikeberg)

ਚੀਫ ਆਫ ਸਟਾਫ

ਗਿਲ ਮੇਂਡੋਜ਼ਾ (Gil Mendoza)

ਅਸਿਸਟੈਂਟ ਸੁਪਰਿਨਟੈਂਡੈਂਟ

ਖ਼ਾਸ ਪ੍ਰੋਗਰਾਮ ਅਤੇ ਫੈਡਰਲ ਜਵਾਬਦੇਹੀ


---


**ਸੰਸ਼ੋਧਿਤ ਅਕਤੂਬਰ 2013**

Office of Superintendent of Public Instruction
Old Capitol Building
P.O. Box 47200
Olympia, WA 98504-7200

ਇਸ ਦਸਤਾਵੇਜ਼ ਬਾਰੇ ਵਧੇਰੇ ਜਾਣਕਾਰੀ
ਲਈ, ਕਿਰਪਾ ਕਰਕੇ ਇੱਥੇ ਸੰਪਰਕ ਕਰੋ:

**ਵਿਸ਼ੇਸ਼ ਸਿੱਖਿਆ**, OSPI
ਈ-ਮੇਲ: speced@k12.wa.us
ਫੋਨ: (360) 725-6075

ਇਹ ਦਸਤਾਵੇਜ਼ ਇਸ ਵੈਬਸਾਈਟ ਤੇ ਔਨਲਾਈਨ ਉਪਲਬਧ ਹੈ:
http://www.k12.wa.us/SpecialEd/Families/Rights.aspx

ਇਹ ਸਮੱਗਰੀ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰਕੇ ਮੰਗ ਤੇ ਵਿਕਲਪਿਕ ਫੌਰਮੈਟ ਵਿੱਚ ਉਪਲਬਧ ਹੈ:
ਵਾਸ਼ਿੰਗਟਨ ਸਕੂਲ ਫਾਰ ਦਿ ਬਲਾਈਂਡ, ਬ੍ਰੇਲ ਐਕਸੈਸ ਸੈਂਟਰ (Washington School for the Blind, Braille Access Center)
http://www.wssb.wa.gov/Content/offcampus/bac.asp
(360)696-6321 x158

OSPI ਲਿੰਗ, ਜਾਤੀ, ਸੰਪਰਦਾਇ, ਧਰਮ, ਰੰਗ, ਰਾਸ਼ਟਰੀ ਮੂਲ, ਉਮਰ, ਸਨਮਾਨਪੂਰਨ ਢੰਗ ਨਾਲ ਸੇਵਾ-ਮੁਕਤ ਕੀਤੇ ਸਾਬਕਾ ਫੌਜੀ ਜਾ ਮਿਲਟਰੀ ਸਟੇਟਸ, ਸੈਕਸੁਅਲ ਨਿਰਧਾਰਨ, ਲਿੰਗ ਅਭਿਵਿਅਕਤੀ ਜਾਂ ਪਛਾਣ, ਅਪਾਹਜ ਵਿਅਕਤੀ ਵੱਲੋਂ ਕਿਸੇ ਵੀ ਸੰਵੇਦੀ, ਮਾਨਸਿਕ ਜਾਂ ਸਰੀਰਕ ਅਪਾਹਜਪੁਣੇ ਦੀ ਮੌਜੂਦਗੀ ਜਾਂ ਇੱਕ ਕੁਸ਼ਲ ਕੁੱਤਾ ਗਾਈਡ ਜਾਂ ਸਰਵਿਸ ਜਾਨਵਰ ਦੀ ਵਰਤੋਂ ਦੇ ਆਧਾਰ ਤੇ ਬਿਨਾਂ ਪੱਖਪਾਤ ਦੇ ਸਾਰੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਮੁਹੱਈਆ ਕਰਦਾ ਹੈ। ਕਥਿਤ ਪੱਖਪਾਤ ਬਾਰੇ ਸਵਾਲ ਅਤੇ ਸ਼ਿਕਾਇਤਾਂ ਇਕਵਿਟੀ ਐਂਡ ਸਿਵਿਲ ਰਾਈਟਸ ਡਾਇਰੈਕਟਰ ਨੂੰ (360) 725-6162 ਜਾਂ P.O. Box 47200 Olympia, WA 98504-7200 ਤੇ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

**ਸਧਾਰਨ ਜਾਣਕਾਰੀ** .......... **1**
ਜਾਣ-ਪਛਾਣ .......... 1
ਇਹ ਨੋਟਿਸ ਕਿਹਨਾਂ ਲਈ ਹੈ .......... 1
ਹੋਰ ਜਾਣਕਾਰੀ ਲਈ .......... 1
**ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ** .......... **2**
**ਪੂਰਵ ਲਿਖਤ ਨੋਟਿਸ** .......... **2**
**ਮੂਲ ਭਾਸ਼ਾ** .......... **4**
**ਇਲੈਕਟ੍ਰੌਨਿਕ ਮੇਲ** .......... **4**
**ਮਾਪਿਆਂ ਦੀ ਸਹਿਮਤੀ - ਪਰਿਭਾਸ਼ਾ** .......... **4**
**ਮਾਪਿਆਂ ਦੀ ਸਹਿਮਤੀ - ਸ਼ਰਤਾਂ** .......... **5**
ਅਰੰਭਿਕ ਮੁਲਾਂਕਣ ਲਈ ਸਹਿਮਤੀ .......... 5
ਸਟੇਟ ਦੇ ਵਾਰਡਾਂ ਦੇ ਅਰੰਭਿਕ ਮੁਲਾਂਕਣ ਲਈ ਵਿਸ਼ੇਸ਼ ਨਿਯਮ .......... 6
ਅਰੰਭਿਕ ਸੇਵਾਵਾਂ ਲਈ ਮਾਪਿਆਂ ਦੀ ਸਹਿਮਤੀ ਅਤੇ ਜਾਰੀ ਸੇਵਾਵਾਂ ਲਈ ਸਹਿਮਤੀ ਦੀ ਵਾਪਸੀ .......... 7
ਦੁਬਾਰਾ ਮੁਲਾਂਕਣਾਂ ਲਈ ਮਾਪਿਆਂ ਦੀ ਸਹਿਮਤੀ .......... 8
ਮਾਪਿਆਂ ਦੀ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ .......... 9
ਸਹਿਮਤੀ ਸਬੰਧੀ ਹੋਰ ਜਾਣਕਾਰੀ .......... 9
**ਸੁਤੰਤਰ ਸਿੱਖਿਆ ਸਬੰਧੀ ਮੁਲਾਂਕਣ** .......... **10**
ਪਰਿਭਾਸ਼ਾਵਾਂ .......... 10
ਸਰਕਾਰੀ ਖਰਚੇ ਤੇ IEE ਕਰਵਾਉਣ ਦਾ ਮਾਪਿਆਂ ਦਾ ਹੱਕ .......... 10
ਮਾਪਿਆਂ ਵੱਲੋਂ ਸ਼ੁਰੂ ਕੀਤੇ ਮੁਲਾਂਕਣ .......... 11
ਐਡਮਿਨਿਸਟ੍ਰੇਟਿਵ ਲਾੱ ਜੱਜਾਂ (ALJ) ਵੱਲੋਂ ਮੁਲਾਂਕਣਾਂ ਦੀਆਂ ਮੰਗਾਂ .......... 11
ਡਿਸਟ੍ਰਿਕਟ ਦਾ ਮਾਪਦੰਡ .......... 11
**ਜਾਣਕਾਰੀ ਦੀ ਗੁਪਤਤਾ** .......... **12**
ਪਰਿਭਾਸ਼ਾਵਾਂ .......... 12
**ਨਿੱਜੀ ਰੂਪ ਨਾਲ ਪਛਾਣਯੋਗ** .......... **12**

**ਮਾਪਿਆਂ ਲਈ ਨੋਟਿਸ** ........ **13**

**ਪਹੁੰਚ ਸਬੰਧੀ ਹੱਕ** ........ **13**

ਪਹੁੰਚ ਦੇ ਰਿਕਾਰਡ ........ 14

ਇੱਕ ਤੋਂ ਵੱਧ ਬੱਚਿਆਂ ਬਾਰੇ ਰਿਕਾਰਡ ........ 14

ਜਾਣਕਾਰੀ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ ........ 15

ਫੀਸ ........ 15

**ਮਾਪਿਆਂ ਦੀ ਮੰਗ ਤੇ ਰਿਕਾਰਡਾਂ ਵਿੱਚ ਸੋਧ** ........ **15**

ਇੱਕ ਸੁਣਵਾਈ ਦਾ ਮੌਕਾ, ਸੁਣਵਾਈ ਪ੍ਰਕਿਰਿਆਵਾਂ ਅਤੇ ਸੁਣਵਾਈ ਦੇ ਨਤੀਜੇ ........ 15

**ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੇ ਪ੍ਰਗਟਾਵੇ ਲਈ ਸਹਿਮਤੀ** ........ **16**

**ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਲਈ ਸੁਰੱਖਿਆ ਉਪਾਅ** ........ **17**

**ਜਾਣਕਾਰੀ ਨੂੰ ਨਸ਼ਟ ਕਰਨਾ, ਰੱਖਣਾ ਅਤੇ ਸਾਂਭਣਾ** ........ **17**

**ਵਿਸ਼ੇਸ਼ ਸਿੱਖਿਆ ਵਿਵਾਦ ਹੱਲ ਪ੍ਰਕਿਰਿਆਵਾਂ** ........ **18**

**ਵਿਚੋਲਗੀ** ........ **18**

ਸਧਾਰਨ ........ 18

ਵਿਚੋਲੇ ਦੀ ਨਿਰਪੱਖਤਾ ........ 19

ਵਿਚੋਲਗੀ ਵਿੱਚ ਪਹੁੰਚ ਪ੍ਰਾਪਤ ਇਕਰਾਰਨਾਮੇ ........ 19

**ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਜਾਂਚਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿਚਕਾਰ ਅੰਤਰ** ........ **19**

**ਨਾਗਰਿਕ ਸ਼ਿਕਾਇਤ ਪ੍ਰਕਿਰਿਆਵਾਂ** ........ **20**

ਇੱਕ ਸ਼ਿਕਾਇਤ ਫਾਈਲ ਕਰਨਾ ........ 20

ਸ਼ਿਕਾਇਤ ਜਾਂਚਾਂ ........ 21

ਜਾਂਚ, ਵਿਸਤਾਰ, ਲਿਖਤ ਫੈਸਲਾ ........ 21

ਸ਼ਿਕਾਇਤ ਉਪਰਾਲੇ ........ 22

ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ........ 22

**ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ** ........ **23**

ਸਧਾਰਨ ........ 23

ਫਾਈਲ ਕਰਨਾ ........ 23

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਤੇ ਸੁਣਵਾਈ ਤੋਂ ਪਹਿਲਾਂ ਲੋੜੀਂਦਾ ਨੋਟਿਸ ........ 24

ਸੁਣਵਾਈ ਮੰਗ ਦੀ ਉਪਯੁਕਤਤਾ ........ 24

ਸੁਣਵਾਈ ਮੰਗ ਦਾ ਸੋਧ ........ 24

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਡਿਸਟ੍ਰਿਕਟ ਦਾ ਜਵਾਬ ........ 25

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਹੋਰ ਪਾਰਟੀ ਦਾ ਜਵਾਬ ........ 25

**ਮਾੱਡਲ ਫਾਰਮ ........ 26**

**ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਵਿਚਾਰ ਅਧੀਨ ਹੋਣ ਵੇਲੇ ਵਿਦਿਆਰਥੀ ਦੀ ਪਲੇਸਮੈਂਟ ........ 26**

**ਹੱਲ ਪ੍ਰਕਿਰਿਆ ........ 27**

ਹੱਲ ਮੀਟਿੰਗ ........ 27

ਹੱਲ ਮਿਆਦ ........ 28

30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਲਈ ਪ੍ਰਬੰਧ ........ 29

ਲਿਖਤ ਨਿਪਟਾਰਾ ਇਕਰਾਰਨਾਮਾ ........ 30

ਇਕਰਾਰਨਾਮਾ ਸਮੀਖਿਆ ਮਿਆਦ ........ 30

**ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ ........ 30**

ਸਧਾਰਨ ........ 30

ਐਡਮਿਨਿਸਟ੍ਰੇਟਿਵ ਲਾੱ ਜੱਜ (ALJ) ........ 30

ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਵਿਸ਼ਾ ਵਸਤੂ ........ 32

ਇੱਕ ਸੁਣਵਾਈ ਦੀ ਮੰਗ ਕਰਨ ਲਈ ਸਮਾਂ ਸੀਮਾ ........ 32

ਸਮਾਂ ਸੀਮਾ ਵਿੱਚ ਛੋਟਾਂ ........ 32

**ਸੁਣਵਾਈ ਹੱਕ ........ 32**

ਸਧਾਰਨ ........ 32

ਜਾਣਕਾਰੀ ਦਾ ਵਾਧੂ ਪ੍ਰਗਟਾਵਾ ........ 33

ਸੁਣਵਾਈਆਂ ਦੇ ਸਮੇਂ ਮਾਪਿਆਂ ਦੇ ਹੱਕ ........ 33

**ਸੁਣਵਾਈਆਂ ਦੀਆਂ ਸਮਾਂ ਸੀਮਾਵਾਂ ਅਤੇ ਸਹੂਲਤ ........ 33**

**ਸੁਣਵਾਈ ਫੈਸਲੇ** .......... **34**

ALJ ਦਾ ਫੈਸਲਾ .......... 34

ਕੰਸਟ੍ਰਕਸ਼ਨ ਕਲਾਜ਼ .......... 35

ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਵੱਖਰੀ ਮੰਗ .......... 35

ਸਲਾਹਕਾਰੀ ਪੈਨਲ ਅਤੇ ਆਮ ਜਨਤਾ ਲਈ ਨਤੀਜਾ ਅਤੇ ਫੈਸਲਾ .......... 35

**ਫੈਸਲੇ ਦੀ ਅੰਤਿਮ ਸਥਿਤੀ; ਅਪੀਲ** .......... **35**

**ਸਿਵਿਲ ਕਾਰਵਾਈਆਂ, ਉਸ ਸਮਾਂ ਮਿਆਦ ਸਮੇਤ, ਜਿਸ ਵਿੱਚ ਉਹ ਕਾਰਵਾਈਆਂ ਫਾਈਲ ਕਰਨੀਆਂ ਹਨ** .......... **36**

ਸਧਾਰਨ .......... 36

ਸਮਾਂ ਸੀਮਾ .......... 36

ਵਾਧੂ ਪ੍ਰਕਿਰਿਆਵਾਂ .......... 37

ਕੰਸਟ੍ਰਕਸ਼ਨ ਰੂਲ .......... 37

**ਵਕੀਲ ਦੀ ਫੀਸ** .......... **37**

ਸਧਾਰਨ .......... 37

ਫੀਸਾਂ ਦਾ ਅਦਾਲਤੀ ਫੈਸਲਾ .......... 39

**ਵਿਸ਼ੇਸ਼ ਸਿੱਖਿਆ ਲਈ ਪਾਤਰ ਵਿਦਿਆਰਥੀਆਂ ਲਈ ਡਿਸਪਿਲਿਨ ਪ੍ਰਕਿਰਿਆਵਾਂ** .......... **41**

**ਸਕੂਲ ਦੇ ਕਰਮਚਾਰੀਆਂ ਦੀ ਅਥਾੱਰਿਟੀ** .......... **41**

ਵੱਖ-ਵੱਖ ਮਾਮਲੇ ਦਾ ਫੈਸਲਾ .......... 41

ਸਧਾਰਨ .......... 41

ਵਾਧੂ ਅਥਾੱਰਿਟੀ .......... 42

ਸੇਵਾਵਾਂ .......... 43

**ਅਨੁਸ਼ਾਸਨ ਸਬੰਧੀ ਸਥਾਨਾਂਤਰਣਾਂ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ** .......... **44**

ਸੂਚਨਾ .......... 44

ਪ੍ਰਗਟਾਵਾ ਨਿਰਧਾਰਨ .......... 44

ਇਹ ਨਿਰਧਾਰਨ ਕਿ ਵਿਵਹਾਰ ਵਿਦਿਆਰਥੀ ਦੇ ਅਪਾਹਜਪੁਣੇ ਦਾ ਪ੍ਰਗਟਾਵਾ ਸੀ .......... 45

ਵਿਸ਼ੇਸ਼ ਸਥਿਤੀਆਂ .......... 46

ਪਰਿਭਾਸ਼ਾਵਾਂ ........ 46

**ਥਾਂ (ਸੈਟਿੰਗ) ਦਾ ਨਿਰਧਾਰਨ ........ 47**

**ਡਿਸਪਿਲਿਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ ........ 47**

ਐਡਮਿਨਿਸਟ੍ਰੇਟਿਵ ਲਾੱ ਜੱਜ (ALJ) ਦੀ ਅਥਾੱਰਿਟੀ ........ 47

**ਮੁਨਾਸਬ ਪ੍ਰਕਿਰਿਆ ਛੇਤੀ ਸੁਣਵਾਈਆਂ ਦੇ ਦੌਰਾਨ ਪਲੇਸਮੈਂਟ ........ 49**

**ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਅਜੇ ਪਾਤਰ ਨਾ ਹੋਣ ਵਾਲੇ ਵਿਦਿਆਰਥੀਆਂ ਲਈ ਬਚਾਉ ........ 49**

ਸਧਾਰਨ ........ 49

ਅਨੁਸ਼ਾਸਨੀ ਮੁੱਦਿਆਂ ਲਈ ਜਾਣਕਾਰੀ ਦੇ ਆਧਾਰ ........ 49

ਛੋਟ ........ 50

ਸ਼ਰਤਾਂ ਜੋ ਤਦ ਲਾਗੂ ਹੁੰਦੀਆਂ ਹਨ ਜਦੋਂ ਜਾਣਕਾਰੀ ਦਾ ਕੋਈ ਆਧਾਰ ਨਹੀਂ ਹੁੰਦਾ ........ 51

**ਲਾੱ ਐਨਫੋਰਸਮੈਂਟ ਅਤੇ ਜੁਡਿਸ਼ਿਅਲ ਅਥਾੱਰਿਟੀਜ਼ ਲਈ ਰੈਫਰਲ ਅਤੇ ਇਹਨਾਂ ਵੱਲੋਂ ਕਾਰਵਾਈ ........ 51**

ਰਿਕਾਰਡਾਂ ਦੀ ਭਿਜਵਾਈ ........ 52

**ਸਰਕਾਰੀ ਖਰਚੇ ਤੇ ਪ੍ਰਾਈਵੇਟ ਸਕੂਲਾਂ ਵਿਚਲੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਇੱਕ-ਪੱਖੀ ਪਲੇਸਮੈਂਟ ਲਈ ਸ਼ਰਤਾਂ ........ 52**

ਪ੍ਰਾਈਵੇਟ ਸਕੂਲ ਪਲੇਸਮੈਂਟ ਲਈ ਅਦਾਇਗੀ ........ 52

ਅਦਾਇਗੀ ਤੇ ਸੀਮਾ ........ 53

**ਵਸੀਲੇ ........ 54**

## ਸਧਾਰਨ ਜਾਣਕਾਰੀ

### ਜਾਣ-ਪਛਾਣ

2004 ਦੇ ਇਨਡਿਵਿਜੁਅਲਸ ਵਿਦ ਡਿਸਐਬਿਲਿਟੀਜ ਐਜੁਕੇਸ਼ਨ ਐਕਟ (IDEA) ਦੇ ਮੁਤਾਬਕ, ਅਪਾਹਜ ਵਿਦਿਆਰਥੀਆਂ ਦੀ ਸਿੱਖਿਆ ਨੂੰ ਤਵੱਜੋ ਦਿੰਦੇ ਹੋਏ ਸਕੂਲਾਂ ਲਈ ਤੁਹਾਨੂੰ, ਅਪਾਹਜ ਵਿਦਿਆਰਥੀ ਜਾਂ ਸ਼ੱਕੀ ਅਪਾਹਜਪੁਣੇ ਦੇ ਮਾਪਿਆਂ ਨੂੰ IDEA ਅਤੇ ਯੂ.ਐਸ.ਡਿਪਾਰਟਮੈਂਟ ਆਫ ਐਜੁਕੇਸ਼ਨ ਰੈਗੂਲੇਸ਼ਨਸ ਦੇ ਅਧੀਨ ਤੁਹਾਡੇ ਲਈ ਉਪਲਬਧ ਹੱਕਾਂ ਦਾ ਇੱਕ ਪੂਰੇ ਵੇਰਵੇ ਵਾਲਾ ਨੋਟਿਸ ਮੁਹੱਈਆ ਕਰਨਾ ਲਾਜ਼ਮੀ ਹੈ। ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ (OSPI) ਦੇ ਵਿਸ਼ੇਸ਼ ਸਿੱਖਿਆ ਦੇ ਪ੍ਰਬੰਧ ਨੂੰ ਨਿਯੰਤਰਿਤ ਕਰਨ ਵਾਲੇ ਸਟੇਟ ਨਿਯਮ ਹਨ। ਇਹ ਨਿਯਮ ਚੈਪਟਰ 392-172A ਵਾਸ਼ਿੰਗਟਨ ਐਡਮਿਨਿਸਟ੍ਰੇਟਿਵ ਕੋਡ (WAC) ਵਿੱਚ ਦਿੱਤੇ ਗਏ ਹਨ। ਇਹ ਦਸਤਾਵੇਜ਼ ਜੂਨ 2009 ਵਿੱਚ ਸੰਸ਼ੋਧਿਤ ਕੀਤੇ, ਅਮਰੀਕੀ ਸਿੱਖਿਆ ਵਿਭਾਗ ਦੀ ਮਾਡਲ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੇ ਨੋਟਿਸ ਦੇ ਅਨੁਕੂਲ ਹੈ।

### ਇਹ ਨੋਟਿਸ ਕਿਹਨਾਂ ਲਈ ਹੈ

ਇਹ ਨੋਟਿਸ ਮਾਪਿਆਂ, ਸਰੋਗੇਟ ਮਾਪਿਆਂ ਅਤੇ ਬਾਲਗ ਵਿਦਿਆਰਥੀਆਂ ਲਈ ਹੈ। “ਤੁਹਾਡੇ” ਜਾਂ “ਮਾਪੇ” ਅਤੇ “ਤੁਹਾਡੇ ਬੱਚੇ” ਲਈ ਹਵਾਲੇ, ਸਰੋਗੇਟ ਮਾਪਿਆਂ ਅਤੇ ਬਾਲਗ ਵਿਦਿਆਰਥੀਆਂ ਤੇ ਵੀ ਲਾਗੂ ਹੁੰਦੇ ਹਨ। ਇਸ ਨੋਟਿਸ ਵਿਚ “ਸਕੂਲ ਡਿਸਟ੍ਰਿਕਟ” ਜਾਂ “ਡਿਸਟ੍ਰਿਕਟ” ਨੂੰ ਦਿੱਤੇ ਹਵਾਲੇ ਚੈਪਟਰ ਸਕੂਲਾਂ ਅਤੇ ਹੋਰ ਸਰਕਾਰੀ ਏਜੰਸੀਆਂ, ਜਿਵੇਂ ਐਜੁਕੇਸ਼ਨਲ ਸਰਵਿਸ ਡਿਸਟ੍ਰਿਕਟਸ ਅਤੇ ਐਜੁਕੇਸ਼ਨਲ ਸਰਵਿਸ ਏਜੰਸੀਆਂ, ਨੂੰ ਸ਼ਾਮਲ ਕਰਦੇ ਹਨ।

### ਹੋਰ ਜਾਣਕਾਰੀ ਲਈ

ਵਿਸ਼ੇਸ਼ ਸਿੱਖਿਆ ਸੇਵਾਵਾਂ ਅਤੇ ਕਾਰਜਵਿਧੀ ਸਬੰਧੀ ਇਹਨਾਂ ਸੁਰੱਖਿਆ ਉਪਾਵਾਂ ਬਾਰੇ ਵਾਧੂ ਜਾਣਕਾਰੀ ਤੁਸੀਂ ਆਪਣੇ ਸਥਾਨਕ ਸਕੂਲ ਡਿਸਟ੍ਰਿਕਟ ਦੇ ਵਿਸ਼ੇਸ਼ ਸਿੱਖਿਆ ਡਾਇਰੈਕਟਰ, ਸਟੇਟ ਦੇ ਮਾਪੇ ਟ੍ਰੇਨਿੰਗ ਅਤੇ ਜਾਣਕਾਰੀ ਕੇਂਦਰ, ਐਕਸ਼ਨ ਵੇਂਇਸਿਜ ਫਾਰ ਐਮਪਾਵਰਮੈਂਟ (ਵਾਸ਼ਿੰਗਟਨ ਪੇਵ) ਲਈ ਭਾਈਵਾਲੀਆਂ ਜਾਂ OSPI ਰਾਹੀਂ ਪ੍ਰਾਪਤ ਕਰ ਸਕਦੇ ਹੋ। OSPI ਇਸ ਵੈਬਸਾਈਟ ਤੇ ਵਿਸ਼ੇਸ਼ ਸਿੱਖਿਆ ਤੇ ਧਿਆਨ ਦੇਣ ਵਾਲਾ ਇੱਕ ਵੈਬ ਪੰਨਾ ਪ੍ਰਬੰਧਿਤ ਕਰਦਾ ਹੈ: http://www.k12.wa.us/SpecialEd/default.aspx. OSPI ਕੋਲ ਤੁਹਾਡੇ ਬੱਚਿਆਂ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਬਾਰੇ ਤੁਹਾਡੇ ਸਵਾਲਾਂ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਪ੍ਰੋਗਰਾਮ ਸੁਪਰਵਾਈਜਰ ਅਤੇ ਇੱਕ ਵਿਸ਼ੇਸ਼ ਸਿੱਖਿਆ ਲੋਕਪਾਲ ਹੈ। ਤੁਸੀਂ OSPI, Special Education ਨੂੰ (360) 725-6075, TTY (360) 586-0126 ਤੇ ਜਾਂ speced@k12.wa.us ਤੇ ਸੰਪਰਕ ਕਰ ਸਕਦੇ ਹੋ।

## ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ

## 34 CFR § 300.504; WAC 392-172A-05015

ਇਸ ਨੋਟਿਸ ਦੀ ਇੱਕ ਕਾਪੀ ਤੁਹਾਨੂੰ ਹਰੇਕ ਸਕੂਲ ਸਾਲ ਵਿੱਚ ਇੱਕ ਵਾਰ (1) ਦਿੱਤੀ ਜਾਣੀ ਲਾਜ਼ਮੀ ਹੈ ਅਤੇ: (2) ਮੁਲਾਂਕਣ ਲਈ ਅਰੰਭਿਕ ਰੈਫਰਲ ਜਾਂ ਤੁਹਾਡੀ ਮੰਗ ਤੇ; (3) ਡਿਸਟ੍ਰਿਕਟ ਨੂੰ ਇੱਕ ਸਕੂਲ ਸਾਲ ਵਿੱਚ ਤੁਹਾਡੀ ਪਹਿਲੀ ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਦੀ ਪ੍ਰਾਪਤੀ ਤੇ; (4) ਡਿਸਟ੍ਰਿਕਟ ਨੂੰ ਇੱਕ ਸਕੂਲ ਸਾਲ ਵਿੱਚ ਤੁਹਾਡੀ ਪਹਿਲੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦੀ ਪ੍ਰਾਪਤੀ ਤੇ; (5) ਜਦੋਂ ਇੱਕ ਅਨੁਸ਼ਾਸਨ ਸਬੰਧੀ ਕਾਰਵਾਈ ਕਰਨ ਲਈ ਫੈਸਲਾ ਜੋ ਪਲੇਸਮੈਂਟ ਵਿੱਚ ਤਬਦੀਲੀ ਕਰਦਾ ਹੈ, ਲਿਆ ਜਾਂਦਾ ਹੈ; **ਅਤੇ**, (6) ਤੁਹਾਡੀ ਮੰਗ ਤੇ।

ਇਸ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੇ ਨੋਟਿਸ ਵਿੱਚ ਸਰਕਾਰੀ ਖਰਚੇ ਤੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਤੁਹਾਡੇ ਬੱਚੇ ਦੀ ਇੱਕ-ਪੱਖੀ ਪਲੇਸਮੈਂਟ ਨਾਲ ਸਬੰਧਿਤ ਕਾਰਜਵਿਧੀ ਸਬੰਧੀ ਸਾਰੇ ਉਪਾਵਾਂ, ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਪ੍ਰਕਿਰਿਆਵਾਂ, ਸੂਚਿਤ ਸਹਿਮਤੀ, ਪਾਰਟ ਬੀ IDEA ਰੈਗੁਲੇਸ਼ਨਸ ਦੇ ਸਬਪਾਰਟ ਈ ਵਿੱਚ ਦਿੱਤੇ ਗਏ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਅ ਅਤੇ ਪਾਰਟ ਬੀ IDEA ਰੈਗੁਲੇਸ਼ਨਸ ਦੇ ਸਬਪਾਰਟ ਐਫ ਵਿੱਚ ਦਿੱਤੇ ਗਏ ਜਾਣਕਾਰੀ ਦੀ ਗੁਪਤਤਾ ਸਬੰਧੀ ਪ੍ਰਬੰਧਾਂ ਦਾ ਪੂਰਾ ਵੇਰਵਾ ਸ਼ਾਮਲ ਹੈ। ਡਿਸਟ੍ਰਿਕਟ ਇਸ ਨੋਟਿਸ ਦੀ ਵਰਤੋਂ ਕਰਨ ਜਾਂ ਮਾਪਿਆਂ ਲਈ ਆਪਣਾ ਖੁਦ ਦਾ ਕਾਰਜਵਿਧੀ ਸਬੰਧੀ ਸੁਰੱਖਿਆ ਸਬੰਧੀ ਉਪਾਵਾਂ ਦਾ ਨੋਟਿਸ ਤਿਆਰ ਕਰਨ ਦੀ ਚੋਣ ਕਰ ਸਕਦੇ ਹਨ।

## ਪੂਰਵ ਲਿਖਤ ਨੋਟਿਸ

## 34 CFR §300.503; WAC 392-172A-05010

ਤੁਹਾਡੇ ਸਕੂਲ ਡਿਸਟ੍ਰਿਕਟ ਲਈ ਤੁਹਾਨੂੰ ਮਹੱਤਵਪੂਰਨ ਫੈਸਲਿਆਂ ਬਾਰੇ ਲਿਖਤ ਵਿੱਚ ਉਹ ਜਾਣਕਾਰੀ ਮੁਹੱਈਆ ਕਰਨਾ ਲਾਜ਼ਮੀ ਹੈ, ਜੋ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਨੂੰ ਪ੍ਰਭਾਵਿਤ ਕਰਦੀ ਹੋਵੇ। ਇਸਨੂੰ ਪੂਰਵ ਲਿਖਤ ਨੋਟਿਸ ਕਿਹਾ ਜਾਂਦਾ ਹੈ ਅਤੇ ਇਹ ਇੱਕ ਅਜਿਹਾ ਦਸਤਾਵੇਜ਼ ਹੈ, ਜੋ ਉਹਨਾਂ ਫੈਸਲਿਆਂ ਨੂੰ ਦਰਸਾਉਂਦਾ ਹੈ ਜੋ ਮੀਟਿੰਗ ਵਿੱਚ ਲਏ ਗਏ ਸਨ ਜਾਂ ਤੁਹਾਡੇ ਵੱਲੋਂ ਕੀਤੀ ਗਈ ਮੰਗ ਦੇ ਜਵਾਬ ਵਿੱਚ ਡਿਸਟ੍ਰਿਕਟ ਵੱਲੋਂ ਲਏ ਗਏ ਸਨ। **ਡਿਸਟ੍ਰਿਕਟ ਨੇ ਫੈਸਲਾ ਲੈਣ ਤੋਂ ਬਾਅਦ ਤੁਹਾਨੂੰ ਇੱਕ ਪੂਰਵ ਲਿਖਤ ਨੋਟਿਸ ਭੇਜਣਾ ਹੁੰਦਾ ਹੈ, ਪਰੰਤੂ ਫੈਸਲਾ ਲਾਗੂ ਕਰਨ ਤੋਂ ਪਹਿਲਾਂ**। ਇਹ ਉਹ ਫੈਸਲੇ ਹਨ, ਜੋ ਤੁਹਾਡੇ ਬੱਚੇ ਲਈ ਇੱਕ FAPE ਦੀ ਪਛਾਣ, ਮੁਲਾਂਕਣ, ਪਲੇਸਮੈਂਟ ਜਾਂ ਪ੍ਰਬੰਧ ਨੂੰ ਅਰੰਭ ਕਰਨ ਜਾਂ ਬਦਲਣ ਲਈ ਪ੍ਰਸਤਾਵਾਂ ਜਾਂ ਨਾਮਨਜ਼ੂਰੀਆਂ ਨਾਲ ਸਬੰਧਿਤ ਹਨ।

ਇੱਕ ਪੂਰਵ ਲਿਖਤ ਨੋਟਿਸ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:

- ਡਿਸਟ੍ਰਿਕਟ ਕੀ ਕਰਨ ਦਾ ਪ੍ਰਸਤਾਵ ਰੱਖ ਰਿਹਾ ਹੈ ਜਾਂ ਕਿਸਨੂੰ ਨਾਮਨਜ਼ੂਰ ਕਰ ਰਿਹਾ ਹੈ;
- ਇਸ ਬਾਰੇ ਵੇਰਵਾ ਕਿ ਡਿਸਟ੍ਰਿਕਟ ਕਾਰਵਾਈ ਕਰਨ ਦਾ ਪ੍ਰਸਤਾਵ ਕਿਉਂ ਰੱਖ ਰਿਹਾ ਹੈ ਜਾਂ ਇਸਨੂੰ ਨਾਮਨਜ਼ੂਰ ਕਿਉਂ ਕਰ ਰਿਹਾ ਹੈ;

- IEP ਟੀਮ ਵੱਲੋਂ ਵਿਚਾਰ ਕੀਤੇ ਗਏ ਕਿਸੇ ਵੀ ਹੋਰ ਵਿਕਲਪਾਂ ਅਤੇ ਉਹਨਾਂ ਕਾਰਨਾਂ ਦਾ ਵਰਣਨ ਕਿ ਉਹ ਵਿਕਲਪ ਨਾਮਨਜ਼ੂਰ ਕਿਉਂ ਕੀਤੇ ਗਏ ਸਨ;
- ਕਾਰਵਾਈ ਲਈ ਇੱਕ ਆਧਾਰ ਦੇ ਤੌਰ ਤੇ ਵਰਤੀ ਜਾਣ ਵਾਲੀ ਹਰੇਕ ਮੁਲਾਂਕਣ ਪ੍ਰਕਿਰਿਆ, ਮੁਲਾਂਕਣ ਰਿਕਾਰਡ ਜਾਂ ਰਿਪੋਰਟ ਦਾ ਵਰਣਨ;
- ਕਾਰਵਾਈ ਨਾਲ ਸਬੰਧਿਤ ਕਿਸੇ ਵੀ ਹੋਰ ਕਾਰਕਾਂ ਦਾ ਵੇਰਵਾ;
- ਅਰੰਭਿਕ ਮੁਲਾਂਕਣ ਅਤੇ ਕੋਈ ਵੀ ਦੁਬਾਰਾ ਮੁਲਾਂਕਣ ਕਰਨ ਲਈ ਡਿਸਟ੍ਰਿਕਟ ਜਿਸ ਕਿਸੇ ਵੀ ਮੁਲਾਂਕਣ ਪ੍ਰਕਿਰਿਆ ਦਾ ਪ੍ਰਸਤਾਵ ਰੱਖਦਾ ਹੈ, ਉਸਦਾ ਵੇਰਵਾ;
- ਇੱਕ ਸਟੇਟਮੈਂਟ ਕਿ ਮਾਪੇ ਇਸ ਕਿਤਾਬੜੀ ਵਿੱਚ ਦਿੱਤੇ ਗਏ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਨਾਲ ਸੁਰੱਖਿਅਤ ਹਨ;
- ਤੁਸੀਂ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੇ ਇਸ ਨੋਟਿਸ ਦੀ ਇੱਕ ਕਾਪੀ ਕਿਵੇਂ ਪ੍ਰਾਪਤ ਕਰ ਸਕਦੇ ਹੋ; ਜਾਂ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੇ ਇਸ ਨੋਟਿਸ ਦੀ ਕਿਤਾਬੜੀ ਦੀ ਇੱਕ ਕਾਪੀ ਸਮੇਤ ਜੇਕਰ ਇਹ ਤੁਹਾਨੂੰ ਪ੍ਰਾਪਤ ਨਹੀਂ ਹੋਈ ਹੈ; **ਅਤੇ**,
- ਤੁਹਾਡੇ ਲਈ ਇਹਨਾਂ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਨੂੰ ਸਮਝਣ ਵਿੱਚ ਮਦਦ ਪ੍ਰਾਪਤ ਕਰਨ ਲਈ ਸੰਪਰਕ ਕਰਨ ਦੇ ਸਰੋਤ।

ਤੁਹਾਨੂੰ ਇੱਕ ਪੂਰਵ ਲਿਖਤ ਨੋਟਿਸ ਕਦੋਂ ਪ੍ਰਾਪਤ ਹੋਵੇਗਾ, ਦੇ ਉਦਾਹਰਨ ਹਨ:

- ਡਿਸਟ੍ਰਿਕਟ ਤੁਹਾਡੇ ਬੱਚੇ ਦਾ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਕਰਨਾ ਚਾਹੁੰਦਾ ਹੈ ਜਾਂ ਡਿਸਟ੍ਰਿਕਟ ਤੁਹਾਡੇ ਬੱਚੇ ਦਾ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਨਾਮਨਜ਼ੂਰ ਕਰ ਰਿਹਾ ਹੈ।
- ਤੁਹਾਡੇ ਬੱਚੇ ਦੀ IEP ਜਾਂ ਪਲੇਸਮੈਂਟ ਵਿੱਚ ਤਬਦੀਲੀ ਕੀਤੀ ਜਾ ਰਹੀ ਹੈ।
- ਤੁਸੀਂ ਇੱਕ ਤਬਦੀਲੀ ਦੀ ਮੰਗ ਕੀਤੀ ਹੈ ਅਤੇ ਡਿਸਟ੍ਰਿਕਟ ਤਬਦੀਲੀ ਕਰਨ ਨੂੰ ਨਾਮਨਜ਼ੂਰ ਕਰ ਰਿਹਾ ਹੈ।
- ਤੁਸੀਂ ਡਿਸਟ੍ਰਿਕਟ ਨੂੰ ਲਿਖਤ ਨੋਟਿਸ ਦਿੱਤਾ ਹੈ ਕਿ ਤੁਸੀਂ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨ ਲਈ ਤੁਹਾਡੇ ਬੱਚੇ ਲਈ ਸਹਿਮਤੀ ਰੱਦ ਕਰ ਰਹੇ ਹੋ।

ਪੂਰਵ ਲਿਖਤ ਨੋਟਿਸ ਉਸ ਭਾਸ਼ਾ ਵਿੱਚ ਲਿਖਿਆ ਜਾਣਾ ਲਾਜ਼ਮੀ ਹੈ, ਜੋ ਆਮ ਜਨਤਾ ਨੂੰ ਸਮਝ ਵਿੱਚ ਆਉਣ ਵਾਲੀ ਹੋਵੇ ਅਤੇ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੀ ਹੋਰ ਵਿਧੀ ਵਿੱਚ ਮੁਹੱਈਆ ਕੀਤਾ ਜਾਣਾ ਲਾਜ਼ਮੀ ਹੈ, ਜੋ ਤੁਸੀਂ ਵਰਤਦੇ ਹੋ, ਜਦੋਂ ਤੱਕ ਕਿ ਸਪਸ਼ਟ ਰੂਪ ਨਾਲ ਅਜਿਹਾ ਕਰਨਾ ਸੰਭਵ ਨਾ ਹੋਵੇ। ਜੇਕਰ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੀ ਹੋਰ ਵਿਧੀ ਇੱਕ ਲਿਖਤ ਭਾਸ਼ਾ ਨਹੀਂ ਹੈ, ਤਾਂ ਡਿਸਟ੍ਰਿਕਟ ਲਈ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਲਾਜ਼ਮੀ ਹਨ: (1) ਨੋਟਿਸ ਦਾ ਤੁਹਾਡੀ ਮੂਲ ਭਾਸ਼ਾ ਜਾਂ ਸੰਚਾਰ ਦੀ ਹੋਰ ਵਿਧੀ ਵਿੱਚ ਮੌਖਿਕ ਰੂਪ ਨਾਲ ਜਾਂ ਹੋਰ ਸਾਧਨਾਂ ਨਾਲ ਅਨੁਵਾਦ ਕੀਤਾ ਜਾਂਦਾ ਹੈ, (2) ਤੁਸੀਂ ਨੋਟਿਸ ਦੀ ਸਮੱਗਰੀ ਨੂੰ ਸਮਝਦੇ ਹੋ ਅਤੇ (3) ਇਸ ਗੱਲ ਦਾ ਲਿਖਤ ਪ੍ਰਮਾਣ ਹੈ ਕਿ (1) ਅਤੇ (2) ਦੇ ਅਧੀਨ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹਨ।

## <u>ਮੂਲ ਭਾਸ਼ਾ</u>

## <u>34 CFR §300.29; WAC 392-172A-01120</u>

*ਮੂਲ ਭਾਸ਼ਾ,* ਜਦੋਂ ਕਿਸੇ ਉਸ ਵਿਅਕਤੀ ਦੇ ਸਬੰਧ ਵਿੱਚ ਵਰਤੀ ਜਾਂਦੀ ਹੈ, ਜਿਸਦੀ ਸੀਮਿਤ ਇੰਗਲਿਸ਼ ਪ੍ਰੋਫੀਸ਼ਿਐਂਸੀ ਹੋਵੇ, ਭਾਵ:

1. ਉਸ ਵਿਅਕਤੀ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ ਜਾਂ, ਕੋਈ ਬੱਚਾ ਹੋਣ ਦੀ ਸਥਿਤੀ ਵਿੱਚ, ਬੱਚੇ ਦੇ ਮਾਪਿਆਂ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ।
2. ਕਿਸੇ ਬੱਚੇ ਨਾਲ ਪੂਰੇ ਸਿੱਧੇ ਸੰਪਰਕ ਵਿੱਚ (ਬੱਚੇ ਦੇ ਮੁਲਾਂਕਣ ਸਮੇਤ), ਘਰ ਵਿੱਚ ਜਾਂ ਸਿੱਖਣ ਦੇ ਵਾਤਾਵਰਣ ਵਿੱਚ ਬੱਚੇ ਵੱਲੋਂ ਸਧਾਰਨ ਤੌਰ ਤੇ ਵਰਤੀ ਜਾਣ ਵਾਲੀ ਭਾਸ਼ਾ।

ਬੋਲੇਪਣ ਜਾਂ ਅੰਨ੍ਹੇਪਣ ਵਾਲੇ ਵਿਅਕਤੀ ਲਈ, ਜਾਂ ਕੋਈ ਵੀ ਲਿਖਤ ਭਾਸ਼ਾ ਨਾ ਸਮਝਣ ਵਾਲੇ ਵਿਅਕਤੀ ਲਈ, ਸੰਚਾਰ ਦੀ ਉਹ ਵਿਧੀ ਜੋ ਉਹ ਵਿਅਕਤੀ ਸਧਾਰਨ ਤੌਰ ਤੇ ਵਰਤਦਾ ਹੈ (ਜਿਵੇਂ ਸੰਕੇਤ ਭਾਸ਼ਾ, ਬ੍ਰੇਲ ਜਾਂ ਮੌਖਿਕ ਸੰਚਾਰ)।

## <u>ਇਲੈਕਟ੍ਰੋਨਿਕ ਮੇਲ</u>

## <u>34 CFR §300.505; WAC 392-172A-05020</u>

ਜੇਕਰ ਤੁਹਾਡਾ ਡਿਸਟ੍ਰਿਕਟ ਮਾਪਿਆਂ ਨੂੰ ਈ-ਮੇਲ ਰਾਹੀਂ ਦਸਤਾਵੇਜ਼ ਪ੍ਰਾਪਤ ਕਰਨ ਦੀ ਚੋਣ ਦੀ ਪੇਸ਼ਕਸ਼ ਕਰਦਾ ਹੈ, ਤਾਂ ਤੁਸੀਂ ਈ-ਮੇਲ ਰਾਹੀਂ ਇਹ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ:

1. ਪੂਰਵ ਲਿਖਤ ਨੋਟਿਸ;
2. ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਨੋਟਿਸ; **<u>ਅਤੇ</u>**,
3. ਨੋਟਿਸ ਇੱਕ ਨਿਯਤ ਪ੍ਰਕਿਰਿਆ ਸੁਣਵਾਈ ਬੇਨਤੀ ਨਾਲ ਸਬੰਧਿਤ ਹਨ।

## <u>ਮਾਪਿਆਂ ਦੀ ਸਹਿਮਤੀ - ਪਰਿਭਾਸ਼ਾ</u>

## <u>34 CFR §300.9; WAC 392-172A-01040</u>

***ਸਹਿਮਤੀ*** ਦਾ ਮਤਲਬ ਹੈ:

1. ਤੁਹਾਨੂੰ ਇਸ ਕਾਰਵਾਈ, ਜਿਸ ਲਈ ਤੁਸੀਂ ਸਹਿਮਤੀ ਦੇਣ ਵਾਲੇ ਹੋ, ਨਾਲ ਸਬੰਧਿਤ ਸਾਰੀ ਜਾਣਕਾਰੀ ਬਾਰੇ ਤੁਹਾਡੀ ਮੂਲ ਭਾਸ਼ਾ ਵਿੱਚ ਜਾਂ ਸੰਚਾਰ ਦੀ ਹੋਰ ਵਿਧੀ (ਜਿਵੇਂ ਸੰਕੇਤ ਭਾਸ਼ਾ, ਬ੍ਰੇਲ ਜਾਂ ਮੌਖਿਕ ਸੰਚਾਰ) ਵਿੱਚ ਪੂਰੀ ਤਰ੍ਹਾਂ ਸੂਚਿਤ ਕੀਤਾ ਗਿਆ ਹੈ;

2. ਤੁਸੀਂ ਉਸ ਕਾਰਵਾਈ ਨੂੰ ਸਮਝਦੇ ਹੋ ਅਤੇ ਲਿਖਤ ਵਿੱਚ ਉਸ ਲਈ ਸਹਿਮਤੀ ਦਿੰਦੇ ਹੋ ਅਤੇ ਸਹਿਮਤੀ ਉਸ ਕਾਰਵਾਈ ਦਾ ਵਰਣਨ ਕਰਦੀ ਹੈ ਅਤੇ ਉਹਨਾਂ ਰਿਕਾਰਡਾਂ (ਜੇਕਰ ਕੋਈ ਹਨ) ਨੂੰ ਸੂਚੀਬੱਧ ਕਰਦੀ ਹੈ, ਜੋ ਰਿਲੀਜ ਕੀਤੇ ਜਾਣਗੇ ਅਤੇ ਤੁਸੀਂ ਸਮਝਦੇ ਹੋ ਕਿ ਉਹ ਕਿਸਨੂੰ ਰਿਲੀਜ ਕੀਤੇ ਜਾਣਗੇ; **ਅਤੇ**,
3. ਤੁਸੀਂ ਸਮਝਦੇ ਹੋ ਕਿ ਸਹਿਮਤੀ ਤੁਹਾਡੇ ਵੱਲੋਂ ਸਵੈਇੱਛੁਕ ਹੈ ਅਤੇ ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਰੱਦ (ਵਾਪਸ) ਕਰ ਸਕਦੇ ਹੋ।

ਜੇਕਰ ਤੁਸੀਂ ਆਪਣੇ ਬੱਚੇ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨਾ ਸ਼ੁਰੂ ਕਰਨ ਤੋਂ ਬਾਅਦ ਸਹਿਮਤੀ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਲਈ ਅਜਿਹਾ ਲਿਖਤ ਵਿੱਚ ਕਰਨਾ ਲਾਜ਼ਮੀ ਹੈ। ਸਹਿਮਤੀ ਦੀ ਤੁਹਾਡੀ ਵਾਪਸੀ ਕਿਸੇ ਵੀ ਉਸ ਕਾਰਵਾਈ ਨੂੰ ਨਕਾਰਦੀ (ਨਸ਼ਟ) ਨਹੀਂ ਹੈ, ਜੋ ਤੁਹਾਡੇ ਵੱਲੋਂ ਸਹਿਮਤੀ ਦੇਣ ਤੋਂ ਬਾਅਦ ਅਤੇ ਇਸਨੂੰ ਵਾਪਸ ਲੈਣ ਤੋਂ ਪਹਿਲਾਂ ਸ਼ੁਰੂ ਹੋਈ ਸੀ। ਇਸਤੋਂ ਇਲਾਵਾ, ਸਕੂਲ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਦੀ ਪ੍ਰਾਪਤੀ ਲਈ ਕਿਸੇ ਵੀ ਹਵਾਲੇ ਨੂੰ ਹਟਾਉਣ ਲਈ ਤੁਹਾਡੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਨੂੰ ਸੰਸ਼ੋਧਿਤ (ਬਦਲਣ) ਦੀ ਲੋੜ ਨਹੀਂ ਹੈ।

## ਮਾਪਿਆਂ ਦੀ ਸਹਿਮਤੀ - ਸ਼ਰਤਾਂ

## 34 CFR §300.300; WAC 392-172A-03000

### ਅਰੰਭਿਕ ਮੁਲਾਂਕਣ ਲਈ ਸਹਿਮਤੀ

ਤੁਹਾਡਾ ਡਿਸਟ੍ਰਿਕਟ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਪਾਤਰਤਾ ਨਿਰਧਾਰਤ ਕਰਨ ਲਈ ਤੁਹਾਡੇ ਬੱਚੇ ਦਾ ਅਰੰਭਿਕ ਮੁਲਾਂਕਣ ਨਹੀਂ ਕਰ ਸਕਦਾ ਜਦੋਂ ਤੱਕ ਕਿ ਇਹ ਤੁਹਾਨੂੰ ਪ੍ਰਸਤਾਵਿਤ ਮੁਲਾਂਕਣ ਗਤੀਵਿਧੀਆਂ ਦਾ ਵਰਣਨ ਕਰਨ ਵਾਲਾ ਪੂਰਵ ਲਿਖਤ ਨੋਟਿਸ ਮੁਹੱਈਆ ਨਹੀਂ ਕਰਦਾ ਅਤੇ ਤੁਹਾਡੀ ਲਿਖਤ, ਸੂਚਿਤ ਸਹਿਮਤੀ ਪ੍ਰਾਪਤ ਨਹੀਂ ਕਰਦਾ। ਤੁਹਾਡੇ ਸਕੂਲ ਡਿਸਟ੍ਰਿਕਟ ਲਈ ਇਹ ਫੈਸਲਾ ਕਰਨ ਲਈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ ਜਾਂ ਨਹੀਂ, ਇੱਕ ਅਰੰਭਿਕ ਮੁਲਾਂਕਣ ਲਈ ਤੁਹਾਡੀ ਸੂਚਿਤ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨ ਕਰਨਾ ਲਾਜ਼ਮੀ ਹੈ।

ਅਰੰਭਿਕ ਮੁਲਾਂਕਣ ਲਈ ਤੁਹਾਡੀ ਸਹਿਮਤੀ ਦਾ ਭਾਵ ਇਹ ਨਹੀਂ ਹੈ ਕਿ ਤੁਸੀਂ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨਾ ਸ਼ੁਰੂ ਕਰਨ ਲਈ ਸਹਿਮਤੀ ਦਿੱਤੀ ਹੈ। ਸਕੂਲ ਡਿਸਟ੍ਰਿਕਟ ਨੂੰ ਪਹਿਲੀ ਵਾਰ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ ਵੀ ਤੁਹਾਡੇ ਤੋਂ ਸਹਿਮਤੀ ਪ੍ਰਾਪਤ ਕਰਨੀ ਪਏਗੀ।

ਜੇਕਰ ਤੁਹਾਡੇ ਬੱਚੇ ਦਾ ਦਾਖਲਾ ਸਰਕਾਰੀ ਸਕੂਲ ਵਿੱਚ ਹੋਇਆ ਹੈ ਜਾਂ ਤੁਸੀਂ ਆਪਣੇ ਬੱਚੇ ਨੂੰ ਕਿਸੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਦਾ ਯਤਨ ਕਰ ਰਹੇ ਹੋ ਅਤੇ ਤੁਸੀਂ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਜਾਂ ਤੁਸੀਂ ਅਰੰਭਿਕ ਮੁਲਾਂਕਣ ਲਈ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਤੁਹਾਡਾ ਡਿਸਟ੍ਰਿਕਟ ਵਿਚੋਲਗੀ ਜਾਂ ਨਿਯਤ ਪ੍ਰਕਿਰਿਆ

ਸੁਣਵਾਈ ਕਾਰਜ ਪ੍ਰਣਾਲੀਆਂ ਵਰਤ ਕੇ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ **ਸਕਦਾ ਹੈ**, ਪਰੰਤੂ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ, ਜਿਵੇਂ ਕਿ ਇਸ ਨੋਟਿਸ ਵਿੱਚ ਅੱਗੇ ਵਰਣਨ ਕੀਤਾ ਗਿਆ ਹੈ। ਤੁਹਾਡਾ ਡਿਸਟ੍ਰਿਕਟ ਤੁਹਾਡੇ ਬੱਚੇ ਦਾ ਪਤਾ ਲਗਾਉਣ, ਉਸਦੀ ਪਛਾਣ ਕਰਨ ਜਾਂ ਉਸਦਾ ਮੁਲਾਂਕਣ ਕਰਨ ਲਈ ਆਪਣੇ ਇਕਰਾਰਨਾਮਿਆਂ ਦੀ ਉਲੰਘਣਾ ਨਹੀਂ ਕਰੇਗਾ, ਜੇਕਰ ਇਹ ਇਸ ਸਥਿਤੀ ਵਿੱਚ ਤੁਹਾਡੇ ਬੱਚੇ ਦਾ ਮੁਲਾਂਕਣ ਜਾਰੀ ਨਾ ਰੱਖਣ ਦੀ ਚੋਣ ਕਰਦਾ ਹੈ।

## ਸਟੇਟ ਦੇ ਵਾਰਡਾਂ ਦੇ ਅਰੰਭਿਕ ਮੁਲਾਂਕਣ ਲਈ ਵਿਸ਼ੇਸ਼ ਨਿਯਮ

ਜੇਕਰ ਤੁਹਾਡਾ ਬੱਚਾ ਸਟੇਟ ਦਾ ਇੱਕ ਵਾਰਡ ਹੈ ਅਤੇ ਤੁਹਾਡੇ ਨਾਲ ਨਹੀਂ ਰਹਿ ਰਿਹਾ ਹੈ, ਤਾਂ ਸਕੂਲ ਡਿਸਟ੍ਰਿਕਟ ਨੂੰ ਇਹ ਨਿਰਧਾਰਤ ਕਰਨ ਲਈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ ਜਾਂ ਨਹੀਂ, ਅਰੰਭਿਕ ਮੁਲਾਂਕਣ ਕਰਨ ਲਈ ਤੁਹਾਡੇ ਤੋਂ ਸਹਿਮਤੀ ਦੀ ਲੋੜ ਨਹੀਂ ਹੈ ਜੇਕਰ:

1. ਅਜਿਹਾ ਕਰਨ ਦੇ ਉਚਿਤ ਯਤਨਾਂ ਦੇ ਬਾਵਜੂਦ, ਡਿਸਟ੍ਰਿਕਟ ਤੁਹਾਨੂੰ ਲੱਭ ਨਹੀਂ ਪਾਉਂਦਾ;
2. ਇੱਕ ਮਾਪੇ ਦੇ ਤੌਰ ਤੇ ਤੁਹਾਡੇ ਹੱਕ ਸਟੇਟ ਕਨੂੰਨ ਦੇ ਮੁਤਾਬਕ ਖ਼ਤਮ ਕੀਤੇ ਗਏ ਹਨ; **ਜਾਂ**,
3. ਤੁਹਾਡੇ ਅਤੇ ਉਸ ਵਿਅਕਤੀ ਤੋਂ ਇਲਾਵਾ, ਜਿਸਨੇ ਅਰੰਭਿਕ ਮੁਲਾਂਕਣ ਲਈ ਸਹਿਮਤੀ ਦਿੱਤੀ ਹੈ, ਕਿਸੇ ਵਿਅਕਤੀ ਲਈ ਸਿੱਖਿਆ ਸਬੰਧੀ ਫੈਸਲੇ ਲੈਣ ਦਾ ਹੱਕ ਇੱਕ ਜੱਜ ਨੂੰ ਸੌਂਪਿਆ ਗਿਆ ਹੈ।

ਇੱਕ *ਸਟੇਟ ਦਾ ਵਾਰਡ*, ਜਿਵੇਂ IDEA ਵਿੱਚ ਵਰਤਿਆ ਗਿਆ ਹੈ, ਦਾ ਭਾਵ ਉਸ ਬੱਚੇ ਤੋਂ ਹੈ ਜੋ:

1. ਇੱਕ ਫੋਸਟਰ ਬੱਚਾ ਜਿਸਨੂੰ ਕਿਸੇ ਫੋਸਟਰ ਮਾਪੇ ਨਾਲ ਰੱਖਿਆ ਗਿਆ ਹੈ;
2. ਵਾਸ਼ਿੰਗਟਨ ਸਟੇਟ ਕਨੂੰਨ ਦੇ ਅਧੀਨ ਸਟੇਟ ਦਾ ਵਾਰਡ ਮੰਨਿਆ ਜਾਂਦਾ ਹੈ; **ਜਾਂ**,
3. ਡਿਪਾਰਟਮੈਂਟ ਆਫ ਸੋਸ਼ਲ ਐਂਡ ਹੈਲਥ ਸਰਵਿਸਿਜ ਜਾਂ ਹੋਰ ਸਟੇਟ ਦੀ ਸਰਕਾਰੀ ਬਾਲ ਭਲਾਈ ਏਜੰਸੀ ਦੀ ਨਿਗਰਾਨੀ ਵਿੱਚ।

ਇੱਕ *ਸਟੇਟ ਦਾ ਵਾਰਡ*, ਵਿੱਚ ਉਹ ਫੋਸਟਰ ਬੱਚਾ ਸ਼ਾਮਲ ਨਹੀਂ ਹੈ, ਜਿਸਦਾ ਫੋਸਟਰ ਮਾਪਾ ਹੈ।

## <u>ਅਰੰਭਿਕ ਸੇਵਾਵਾਂ ਲਈ ਮਾਪਿਆਂ ਦੀ ਸਹਿਮਤੀ ਅਤੇ ਜਾਰੀ ਸੇਵਾਵਾਂ ਲਈ ਸਹਿਮਤੀ ਦੀ ਵਾਪਸੀ</u>

ਤੁਹਾਡੇ ਸਕੂਲ ਡਿਸਟ੍ਰਿਕਟ ਲਈ ਤੁਹਾਡੀ ਸੂਚਿਤ ਲਿਖਤ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨ ਕਰਨੇ ਲਾਜ਼ਮੀ ਹਨ ਅਤੇ <u>ਪਹਿਲੀ ਵਾਰ ਲਈ</u> ਤੁਹਾਡੇ ਬੱਚੇ ਲਈ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਤੋਂ ਪਹਿਲਾਂ ਤੁਹਾਡੀ ਸੂਚਿਤ ਲਿਖਤ ਸਹਿਮਤੀ ਪ੍ਰਾਪਤ ਕਰਨੀ ਲਾਜ਼ਮੀ ਹੈ।

ਜੇਕਰ ਤੁਸੀਂ ਆਪਣੇ ਬੱਚੇ ਲਈ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਆਪਣੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਨਹੀਂ ਦਿੰਦੇ, ਜਾਂ ਜੇਕਰ ਤੁਸੀਂ ਇਹ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਤਾਂ ਤੁਹਾਡਾ ਡਿਸਟ੍ਰਿਕਟ ਤੁਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਦੀ ਕੋਸ਼ਿਸ਼ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਜਾਂ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ ਇੱਕ ਐਡਮਿਨਿਸਟ੍ਰੇਟਿਵ ਕਨੂੰਨੀ ਜੱਜ ਤੋਂ ਇੱਕ ਹੁਕਮੀ ਨਿਰਣਾ ਪ੍ਰਾਪਤ ਕਰਨ ਲਈ ਨਿਯਤ ਪ੍ਰਕਿਰਿਆ ਸੁਣਵਾਈ ਕਾਰਜਪ੍ਰਣਾਲੀਆਂ <u>ਨਹੀਂ ਵਰਤ ਸਕਦਾ</u>।

ਜੇਕਰ ਤੁਸੀਂ ਆਪਣੇ ਬੱਚੇ ਲਈ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ ਜਾਂ ਆਪਣੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਨਹੀਂ ਦਿੰਦੇ, ਤਾਂ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਨਹੀਂ ਕਰਦਾ। ਇਸ ਸਥਿਤੀ ਵਿੱਚ, ਤੁਹਾਡਾ ਸਕੂਲ ਡਿਸਟ੍ਰਿਕਟ:

1. ਤੁਹਾਡੇ ਬੱਚੇ ਨੂੰ ਉਹ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲ ਰਹਿਣ ਕਾਰਨ ਤੁਹਾਡੇ ਬੱਚੇ ਲਈ ਮੁਫਤ ਢੁੱਕਵੀਂ ਸਰਕਾਰੀ ਸਿੱਖਿਆ (FAPE) ਉਪਲਬਧ ਕਰਾਉਣ ਦੀ ਸ਼ਰਤ ਦੀ ਉਲੰਘਣਾ ਵਿੱਚ ਨਹੀਂ ਹੈ; **<u>ਅਤੇ</u>**,
2. ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ, ਜਿਹਨਾਂ ਲਈ ਤੁਹਾਡੀ ਸਹਿਮਤੀ ਦੀ ਬੇਨਤੀ ਕੀਤੀ ਗਈ ਸੀ, ਲਈ ਤੁਹਾਡੇ ਬੱਚੇ ਲਈ ਇੱਕ IEP ਮੀਟਿੰਗ ਕਰਨ ਜਾਂ ਇੱਕ IEP ਤਿਆਰ ਕਰਨ ਦੀ ਲੋੜ ਨਹੀਂ ਹੈ।

ਤੁਹਾਡੇ ਵੱਲੋਂ ਆਪਣੇ ਬੱਚੇ ਲਈ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਲਈ ਲਿਖਤ ਸਹਿਮਤੀ ਦੇਣ ਤੋਂ ਬਾਅਦ ਅਤੇ ਡਿਸਟ੍ਰਿਕਟ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਸ਼ੁਰੂ ਕਰਨ ਤੋਂ ਬਾਅਦ, ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਸੇਵਾਵਾਂ ਪ੍ਰਾਪਤ ਕਰਨ ਲਈ ਪਾਤਰ ਰਹੇਗਾ ਜਦੋਂ ਤੱਕ ਕਿ:

1. ਉਸਦਾ ਦੁਬਾਰਾ ਮੁਲਾਂਕਣ ਨਹੀਂ ਕੀਤਾ ਜਾਂਦਾ ਅਤੇ ਇਹ ਨਹੀਂ ਪਾਇਆ ਜਾਂਦਾ ਕਿ ਉਹ ਹੁਣ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਨਹੀਂ ਹੈ;
2. ਉਹ ਇੱਕ ਨਿਯਮਿਤ ਹਾਈ ਸਕੂਲ ਡਿਪਲੋਮਾ ਨਾਲ ਗ੍ਰੈਜੂਏਟ ਨਹੀਂ ਹੁੰਦਾ;
3. ਉਸਦੀ ਉਮਰ 21 ਸਾਲ ਦੀ ਨਹੀਂ ਹੋ ਜਾਂਦੀ (ਜਾਂ ਜੇਕਰ ਤੁਹਾਡਾ ਬੱਚਾ 31 ਅਗਸਤ ਤੋਂ ਬਾਅਦ 21 ਸਾਲ ਦਾ ਹੁੰਦਾ ਹੈ, ਤਾਂ ਉਹ ਸਕੂਲ ਸਾਲ ਦੇ ਅੰਤ ਤੱਕ ਸੇਵਾਵਾਂ ਲਈ ਪਾਤਰ ਹੈ।); **<u>ਜਾਂ</u>**,
4. ਤੁਸੀਂ ਡਿਸਟ੍ਰਿਕਟ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਦੇ ਜਾਰੀ ਪ੍ਰਬੰਧ ਲਈ ਆਪਣੀ ਸਹਿਮਤੀ ਦੀ ਇੱਕ ਲਿਖਤ ਵਾਪਸੀ ਮੁਹੱਈਆ ਕੀਤੀ ਹੈ।

ਜੇਕਰ ਤੁਸੀਂ ਡਿਸਟ੍ਰਿਕਟ ਵੱਲੋਂ ਵਿਸ਼ੇਸ਼ ਸਿੱਖਿਆ ਸੇਵਾਵਾਂ ਨੂੰ ਸ਼ੁਰੂ ਕਰਨ ਤੋਂ ਬਾਅਦ ਸੇਵਾਵਾਂ ਦੇ ਜਾਰੀ ਪ੍ਰਬੰਧ ਲਈ ਲਿਖਤ ਵਿੱਚ ਆਪਣੀ ਸਹਿਮਤੀ ਰੱਦ ਕਰਦੇ ਹੋ, ਤਾਂ ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਬੰਦ ਕਰਨ ਤੋਂ ਪਹਿਲਾਂ ਸਮੇਂ ਸਿਰ ਤੁਹਾਨੂੰ *ਪੂਰਵ ਲਿਖਤ ਨੋਟਿਸ* ਦੇਣਾ ਲਾਜ਼ਮੀ ਹੈ। ਪੂਰਵ ਲਿਖਤ ਨੋਟਿਸ ਵਿੱਚ ਉਹ ਤਾਰੀਖ ਸ਼ਾਮਲ ਹੋਵੇਗੀ, ਜਦੋਂ ਡਿਸਟ੍ਰਿਕਟ ਤੁਹਾਡੇ ਬੱਚੇ ਨੂੰ ਸੇਵਾਵਾਂ ਮੁਹੱਈਆ ਕਰਨਾ ਬੰਦ ਕਰੇਗਾ ਅਤੇ ਤੁਹਾਨੂੰ ਸੂਚਿਤ ਕਰੇਗਾ ਕਿ ਸਕੂਲ ਡਿਸਟ੍ਰਿਕਟ:

1. ਤੁਹਾਡੇ ਬੱਚੇ ਨੂੰ ਉਹ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲ ਰਹਿਣ ਕਾਰਨ ਤੁਹਾਡੇ ਬੱਚੇ ਲਈ ਮੁਫਤ ਢੁੱਕਵੀਂ ਸਰਕਾਰੀ ਸਿੱਖਿਆ (FAPE) ਉਪਲਬਧ ਕਰਾਉਣ ਦੀ ਸ਼ਰਤ ਦੀ ਉਲੰਘਣਾ ਵਿੱਚ ਨਹੀਂ ਹੈ; **ਅਤੇ**,
2. ਵਿਸ਼ੇਸ਼ ਸਿੱਖਿਆ ਸੇਵਾਵਾਂ ਦੇ ਹੋਰ ਪ੍ਰਬੰਧ ਲਈ ਤੁਹਾਡੇ ਬੱਚੇ ਲਈ ਇੱਕ IEP ਮੀਟਿੰਗ ਕਰਨ ਜਾਂ ਇੱਕ IEP ਤਿਆਰ ਕਰਨ ਦੀ ਲੋੜ ਨਹੀਂ ਹੈ।

ਡਿਸਟ੍ਰਿਕਟ ਤੁਹਾਡੀ ਲਿਖਤ ਵਾਪਸੀ ਨੂੰ ਰੱਦ ਕਰਨ ਲਈ ਨਿਯਤ ਪ੍ਰਕਿਰਿਆ ਦੀ ਵਰਤੋਂ ਨਹੀਂ ਕਰ ਸਕਦਾ ਜਾਂ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਜਾਰੀ ਰੱਖਣ ਲਈ ਤੁ੍ਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਦੀ ਵਰਤੋਂ ਨਹੀਂ ਕਰ ਸਕਦਾ। ਡਿਸਟ੍ਰਿਕਟ ਵੱਲੋਂ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਨਾ ਬੰਦ ਕਰਨ ਤੋਂ ਬਾਅਦ, ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਨਹੀਂ ਮੰਨਿਆ ਜਾਏਗਾ ਅਤੇ ਉਹ ਉਹਨਾਂ ਸ਼ਰਤਾਂ ਦੇ ਅਧੀਨ ਹੋਵੇਗਾ, ਜੋ ਸਾਰੇ ਵਿਦਿਆਰਥੀਆਂ ਤੇ ਲਾਗੂ ਹੁੰਦੀਆਂ ਹਨ। ਤੁਸੀਂ ਜਾਂ ਹੋਰ, ਜੋ ਤੁਹਾਡੇ ਬੱਚੇ ਦੇ ਜਾਣਕਾਰ ਹਨ, ਸਕੂਲ ਡਿਸਟ੍ਰਿਕਟ ਸਮੇਤ, ਤੁਹਾਡੇ ਵੱਲੋਂ ਤੁਹਾਡੇ ਬੱਚੇ ਲਈ ਵਿਸ਼ੇਸ਼ ਸਿੱਖਿਆ ਪ੍ਰਾਪਤ ਕਰਨ ਦੀ ਸਹਿਮਤੀ ਨੂੰ ਰੱਦ ਕਰਨ ਤੋਂ ਬਾਅਦ ਕਿਸੇ ਵੀ ਸਮੇਂ ਤੁਹਾਡੇ ਬੱਚੇ ਨੂੰ ਅਰੰਭਿਕ ਮੁਲਾਂਕਣ ਲਈ ਭੇਜ ਸਕਦੇ ਹਨ।

## ਦੁਬਾਰਾ ਮੁਲਾਂਕਣਾਂ ਲਈ ਮਾਪਿਆਂ ਦੀ ਸਹਿਮਤੀ

ਜੇਕਰ ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਦੇ ਹਿੱਸੇ ਦੇ ਤੌਰ ਤੇ ਨਵਾਂ ਪਰੀਖਣ ਕਰਨਾ ਹੋਵੇ, ਤਾਂ ਤੁਹਾਡੇ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਤੁਹਾਡੇ ਬੱਚੇ ਦਾ ਦੁਬਾਰਾ ਮੁਲਾਂਕਣ ਕਰਨ ਤੋਂ ਪਹਿਲਾਂ ਤੁਹਾਡੀ ਸੂਚਿਤ ਸਹਿਮਤੀ ਪ੍ਰਾਪਤ ਕਰੇ, ਜਦੋਂ ਤੱਕ ਕਿ ਡਿਸਟ੍ਰਿਕਟ ਇਹ ਨਾ ਦਰਸਾ ਸਕੇ ਕਿ:

1. ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਲਈ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਲਈ ਉਸਨੇ ਉਚਿਤ ਕਦਮ ਚੁੱਕੇ; **ਅਤੇ**,
2. ਤੁਸੀਂ ਜਵਾਬ ਨਹੀਂ ਦਿੱਤਾ।

ਜੇਕਰ ਤੁਸੀਂ ਆਪਣੇ ਬੱਚੇ ਦੇ ਦੁਬਾਰਾ ਮੁਲਾਂਕਣ ਦੇ ਹਿੱਸੇ ਦੇ ਤੌਰ ਤੇ ਨਵੇਂ ਪਰੀਖਣ ਲਈ ਸਹਿਮਤੀ ਦੇਣ ਤੋਂ ਇਨਕਾਰ ਕਰਦੇ ਹੋ, ਤਾਂ ਡਿਸਟ੍ਰਿਕਟ ਤੁਹਾਡੇ ਤੋਂ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਵਰਤ ਕੇ ਜਾਂ ਤੁਹਾਡੇ ਬੱਚੇ ਦੇ ਦੁਬਾਰਾ ਮੁਲਾਂਕਣ ਲਈ ਸਹਿਮਤੀ ਦੀ ਤੁਹਾਡੀ ਨਾਮਨਜ਼ੂਰੀ ਨੂੰ ਰੱਦ ਕਰਨ ਲਈ ਨਿਯਤ ਪ੍ਰਕਿਰਿਆ ਸੁਣਵਾਈ ਕਾਰਜ ਪ੍ਰਣਾਲੀਆਂ ਦੀ ਵਰਤੋਂ ਕਰ ਸਕਦਾ ਹੈ, ਪਰੰਤੂ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ। ਜਿਵੇਂ ਕਿ ਅਰੰਭਿਕ ਮੁਲਾਂਕਣਾਂ ਦੇ ਨਾਲ, ਤੁਹਾਡਾ ਡਿਸਟ੍ਰਿਕਟ IDEA ਦੇ

ਪਾਰਟ ਬੀ ਦੇ ਅਧੀਨ ਆਪਣੇ ਇਕਰਾਰਨਾਮਿਆਂ ਦੀ ਉਲੰਘਣਾ ਨਹੀਂ ਕਰਦਾ ਜੇਕਰ ਇਹ ਵਿਚੋਲਗੀ ਜਾਂ ਨਿਯਤ ਪ੍ਰਕਿਰਿਆ ਕਾਰਜ ਪ੍ਰਣਾਲੀਆਂ ਵਰਤਦੇ ਹੋਏ ਦੁਬਾਰਾ ਮੁਲਾਂਕਣ ਕਰਨ ਤੋਂ ਇਨਕਾਰ ਕਰ ਦਿੰਦਾ ਹੈ।

## ਮਾਪਿਆਂ ਦੀ ਸਹਿਮਤੀ ਪ੍ਰਾਪਤ ਕਰਨ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ

ਤੁਹਾਡੇ ਸਕੂਲ ਲਈ ਅਰੰਭਿਕ ਮੁਲਾਂਕਣਾਂ ਲਈ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਲਈ, ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨ ਲਈ, ਦੁਬਾਰਾ ਮੁਲਾਂਕਣ ਕਰਨ ਲਈ, ਜਿਸ ਵਿੱਚ ਨਵਾਂ ਪਰੀਖਣ ਸ਼ਾਮਲ ਹੋਵੇ ਅਤੇ ਅਰੰਭਿਕ ਮੁਲਾਂਕਣਾਂ ਲਈ ਸਟੇਟ ਦੇ ਵਾਰਡਾਂ ਦੇ ਮਾਪਿਆਂ ਦੇ ਪਤਾ ਲਗਾਉਣ ਲਈ ਉਚਿਤ ਯਤਨਾਂ ਦਾ ਦਸਤਾਵੇਜ਼ੀ ਸਬੂਤ ਰੱਖਣਾ ਲਾਜ਼ਮੀ ਹੈ। ਦਸਤਾਵੇਜ਼ੀ ਸਬੂਤ ਵਿੱਚ ਇਹਨਾਂ ਖੇਤਰਾਂ ਵਿੱਚ ਡਿਸਟ੍ਰਿਕਟ ਦੀਆਂ ਕੋਸ਼ਿਸ਼ਾਂ ਦਾ ਇੱਕ ਰਿਕਾਰਡ ਸ਼ਾਮਲ ਕਰਨਾ ਲਾਜ਼ਮੀ ਹੈ, ਜਿਵੇਂ:

1. ਕੀਤੀਆਂ ਗਈਆਂ ਜਾਂ ਕੋਸ਼ਿਸ਼ ਕੀਤੀਆਂ ਗਈਆਂ ਟੈਲੀਫੋਨ ਕਾਲਾਂ ਅਤੇ ਉਹਨਾਂ ਕਾਲਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ;
2. ਤੁਹਾਨੂੰ ਭੇਜੇ ਗਏ ਪੱਤਰਾਂ ਅਤੇ ਪ੍ਰਾਪਤ ਕੀਤੇ ਗਏ ਕਿਸੇ ਵੀ ਜਵਾਬਾਂ ਦੀਆਂ ਕਾਪੀਆਂ; **ਅਤੇ**,
3. ਤੁਹਾਡੇ ਘਰ ਵਿੱਚ ਜਾਂ ਕੰਮ ਤੇ ਕੀਤੀਆਂ ਗਈਆਂ ਵਿਜਿਟਾਂ ਅਤੇ ਉਹਨਾਂ ਵਿਜਿਟਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ।

## ਸਹਿਮਤੀ ਸਬੰਧੀ ਹੋਰ ਜਾਣਕਾਰੀ

ਤੁਹਾਡੇ ਡਿਸਟ੍ਰਿਕਟ ਵੱਲੋਂ ਇਹ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਦੀ ਲੋੜ ਨਹੀਂ ਹੁੰਦੀ:

1. ਤੁਹਾਡੇ ਬੱਚੇ ਦੇ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਦੇ ਹਿੱਸੇ ਦੇ ਤੌਰ ਤੇ ਮੌਜੂਦ ਡੇਟੇ ਦੀ ਸਮੀਖਿਆ; **ਜਾਂ**,
2. ਤੁਹਾਡੇ ਬੱਚੇ ਦਾ ਟੈਸਟ ਜਾਂ ਹੋਰ ਮੁਲਾਂਕਣ ਕਰਨਾ, ਜੋ ਸਾਰੇ ਬੱਚਿਆਂ ਨੂੰ ਦਿੱਤਾ ਗਿਆ ਹੈ ਜਦੋਂ ਤੱਕ ਕਿ ਉਸ ਟੈਸਟ ਜਾਂ ਮੁਲਾਂਕਣ ਤੋਂ ਪਹਿਲਾਂ, ਸਾਰੇ ਬੱਚਿਆਂ ਦੇ ਮਾਪਿਆਂ ਤੋਂ ਸਹਿਮਤੀ ਦੀ ਲੋੜ ਨਹੀਂ ਹੈ।

ਤੁਹਾਡਾ ਡਿਸਟ੍ਰਿਕਟ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕਿਸੇ ਹੋਰ ਸੇਵਾ, ਫਾਇਦੇ ਜਾਂ ਗਤੀਵਿਧੀ ਤੋਂ ਇਨਕਾਰ ਕਰਨ ਲਈ ਇੱਕ ਸੇਵਾ ਜਾਂ ਗਤੀਵਿਧੀ ਲਈ ਸਹਿਮਤੀ ਦੀ ਤੁਹਾਡੀ ਨਾਮਨਜ਼ੂਰੀ ਨਹੀਂ ਵਰਤ ਸਕਦਾ।

ਜੇਕਰ ਤੁਸੀਂ ਆਪਣੇ ਬੱਚੇ ਦਾ ਦਾਖਲਾ ਆਪਣੇ ਖੁਦ ਦੇ ਖਰਚੇ ਤੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਕਰਵਾਇਆ ਹੈ ਜਾਂ ਜੇਕਰ ਤੁਸੀਂ ਆਪਣੇ ਬੱਚੇ ਨੂੰ ਘਰ ਵਿੱਚ ਹੀ ਅਧਿਆਪਕ ਤੋਂ ਪੜ੍ਹਾ ਰਹੇ ਹੋ (ਹੋਮ ਸਕੂਲਿੰਗ) ਅਤੇ ਤੁਸੀਂ ਆਪਣੇ ਬੱਚੇ ਦੇ ਅਰੰਭਿਕ ਮੁਲਾਂਕਣ ਜਾਂ ਦੁਬਾਰਾ ਮੁਲਾਂਕਣ ਲਈ ਆਪਣੀ ਸਹਿਮਤੀ ਨਹੀਂ ਦਿੰਦੇ, ਜਾਂ ਤੁਸੀਂ ਤੁਹਾਡੀ ਸਹਿਮਤੀ ਦੇਣ ਦੀ ਬੇਨਤੀ ਦਾ ਜਵਾਬ ਦੇਣ ਵਿੱਚ ਅਸਫਲ ਰਹਿੰਦੇ ਹੋ, ਤਾਂ ਡਿਸਟ੍ਰਿਕਟ ਤੁਹਾਡੀ ਰਜ਼ਾਮੰਦੀ ਪ੍ਰਾਪਤ ਕਰਨ ਲਈ ਵਿਚੋਲਗੀ ਕਾਰਜ ਪ੍ਰਣਾਲੀਆਂ ਦੀ ਵਰਤੋਂ ਜਾਂ ਤੁਹਾਡੀ ਨਾਮਨਜ਼ੂਰੀ ਨੂੰ ਰੱਦ ਕਰਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਕਾਰਜ ਪ੍ਰਣਾਲੀਆਂ ਦੀ ਵਰਤੋਂ ਨਹੀਂ ਕਰ ਸਕਦਾ। ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਉਚਿਤ ਪ੍ਰਾਈਵੇਟ ਸਕੂਲ ਸੇਵਾਵਾਂ ਪ੍ਰਾਪਤ ਕਰਨ ਲਈ ਪਾਤਰ ਮੰਨਣਾ ਲਾਜ਼ਮੀ ਨਹੀਂ ਹੈ, ਇਹ ਉਹ ਸੇਵਾਵਾਂ

ਹਨ, ਜੋ ਵਿਸ਼ੇਸ਼ ਸਿੱਖਿਆ ਲਈ ਪਾਤਰ ਮਾਪਿਆਂ ਵੱਲੋਂ ਪ੍ਰਾਈਵੇਟ ਸਕੂਲ ਵਿੱਚ ਦਾਖਲ ਕੀਤੇ ਕੁਝ ਵਿਦਿਆਰਥੀਆਂ ਲਈ ਉਪਲਬਧ ਕਰਵਾਈਆਂ ਜਾਂਦੀਆਂ ਹਨ।

## ਸੁਤੰਤਰ ਸਿੱਖਿਆ ਸਬੰਧੀ ਮੁਲਾਂਕਣ
## 34 CFR §300.502; WAC 392-172A-05005

ਜੇਕਰ ਤੁਸੀਂ ਆਪਣੇ ਡਿਸਟ੍ਰਿਕਟ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਅਸਹਿਮਤ ਹੋ ਤਾਂ ਤੁਹਾਨੂੰ ਆਪਣੇ ਬੱਚੇ ਦਾ ਇੱਕ ਸੁਤੰਤਰ ਸਿੱਖਿਆ ਸਬੰਧੀ ਮੁਲਾਂਕਣ (IEE) ਪ੍ਰਾਪਤ ਕਰਨ ਦਾ ਹੱਕ ਹੈ। ਜੇਕਰ ਤੁਸੀਂ ਇੱਕ IEE ਦੀ ਮੰਗ ਕਰਦੇ ਹੋ, ਤਾਂ ਡਿਸਟ੍ਰਿਕਟ ਲਈ ਤੁਹਾਨੂੰ ਇਸ ਬਾਰੇ ਕਿ ਤੁਸੀਂ ਇੱਕ IEE ਕਿੱਥੋਂ ਪ੍ਰਾਪਤ ਕਰ ਸਕਦੇ ਹੋ ਅਤੇ ਡਿਸਟ੍ਰਿਕਟ ਦੇ ਮਾਪਦੰਡ, ਜੋ IEE ਤੇ ਲਾਗੂ ਹੁੰਦਾ ਹੈ, ਬਾਰੇ ਜਾਣਕਾਰੀ ਮੁਹੱਈਆ ਕਰਨਾ ਲਾਜ਼ਮੀ ਹੈ।

### ਪਰਿਭਾਸ਼ਾਵਾਂ

- *ਸੁਤੰਤਰ ਸਿੱਖਿਆ ਸਬੰਧੀ ਮੁਲਾਂਕਣ* (IEE) ਦਾ ਭਾਵ ਹੈ ਅਜਿਹੇ ਯੋਗ ਪ੍ਰੀਖਿਅਕ ਵੱਲੋਂ ਕੀਤਾ ਗਿਆ ਮੁਲਾਂਕਣ, ਜਿਸਨੂੰ ਤੁਹਾਡੇ ਬੱਚੇ ਦੀ ਸਿੱਖਿਆ ਲਈ ਜ਼ਿੰਮੇਵਾਰ ਡਿਸਟ੍ਰਿਕਟ ਵੱਲੋਂ ਨਿਯੁਕਤ ਨਹੀਂ ਕੀਤਾ ਗਿਆ ਹੈ।
- *ਸਰਕਾਰੀ ਖਰਚੇ* ਦਾ ਭਾਵ ਹੈ ਕਿ ਡਿਸਟ੍ਰਿਕਟ ਮੁਲਾਂਕਣ ਦੇ ਪੂਰਾ ਖਰਚ ਦਾ ਭੁਗਤਾਨ ਕਰਦਾ ਹੈ ਜਾਂ ਇਹ ਯਕੀਨੀ ਬਣਾਉਂਦਾ ਹੈ ਕਿ ਮੁਲਾਂਕਣ ਤੁਹਾਨੂੰ ਕਿਸੇ ਹੋਰ ਤਰ੍ਹਾਂ ਨਾਲ ਮੁਫਤ ਮੁਹੱਈਆ ਕੀਤਾ ਜਾਂਦਾ ਹੈ।

### ਸਰਕਾਰੀ ਖਰਚੇ ਤੇ IEE ਕਰਵਾਉਣ ਦਾ ਮਾਪਿਆਂ ਦਾ ਹੱਕ

ਜੇਕਰ ਤੁਸੀਂ ਇਹਨਾਂ ਸਥਿਤੀਆਂ ਦੇ ਅਧੀਨ, ਆਪਣੇ ਡਿਸਟ੍ਰਿਕਟ ਵੱਲੋਂ ਕੀਤੇ ਗਏ ਤੁਹਾਡੇ ਬੱਚੇ ਦੇ ਮੁਲਾਂਕਣ ਤੋਂ ਅਸਹਿਮਤ ਹੋ ਤਾਂ ਤੁਹਾਨੂੰ ਸਰਕਾਰੀ ਖਰਚੇ ਤੇ ਆਪਣੇ ਬੱਚੇ ਦਾ ਇੱਕ IEE ਕਰਵਾਉਣ ਦਾ ਹੱਕ ਹੈ:

1. ਜੇਕਰ ਤੁਸੀਂ ਸਰਕਾਰੀ ਖਰਚੇ ਤੇ ਆਪਣੇ ਬੱਚੇ ਦੇ IEE ਦੀ ਮੰਗ ਕਰਦੇ ਹੋ, ਤਾਂ ਤੁਹਾਡੇ ਸਕੂਲ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਤੁਹਾਡੀ ਮੰਗ ਦੇ 15 ਕੈਲੰਡਰ ਦਿਨਾਂ ਦੇ ਅੰਦਰ, **ਜਾਂ ਤਾਂ**: (a) ਇਹ ਦਰਸਾਉਣ ਲਈ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਬੇਨਤੀ ਫਾਈਲ ਕਰਨਾ ਕਿ ਤੁਹਾਡੇ ਬੱਚੇ ਦਾ ਇਸਦਾ ਮੁਲਾਂਕਣ ਢੁੱਕਵਾਂ ਹੈ ਜਾਂ ਇਹ ਕਿ ਤੁਹਾਡੇ ਬੱਚੇ ਦਾ ਮੁਲਾਂਕਣ, ਜੋ ਤੁਸੀਂ ਪ੍ਰਾਪਤ ਕੀਤਾ ਹੈ, ਡਿਸਟ੍ਰਿਕਟ ਦੇ ਮਾਪਦੰਡ ਨੂੰ ਪੂ੍ਰਾ ਨਹੀਂ ਕਰਦਾ;**ਜਾਂ**, (b) ਸਰਕਾਰੀ ਖਰਚੇ ਤੇ ਇੱਕ IEE ਮੁਹੱਈਆ ਕਰਨ ਲਈ ਸਹਿਮਤ ਹੈ।
2. ਜੇਕਰ ਤੁਹਾਡਾ ਸਕੂਲ ਡਿਸਟ੍ਰਿਕਟ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਬੇਨਤੀ ਕਰਦਾ ਹੈ ਅਤੇ ਆਖਰੀ ਨਿਰਣਾ ਇਹ ਹੈ ਕਿ ਤੁਹਾਡੇ ਬੱਚੇ ਦਾ ਡਿਸਟ੍ਰਿਕਟ ਦਾ ਮੁਲਾਂਕਣ ਢੁੱਕਵਾਂ ਹੈ, ਤਾਂ ਤਦ ਵੀ ਤੁਹਾਨੂੰ ਇੱਕ IEE ਕਰਵਾਉਣ ਦਾ ਹੱਕ ਹੈ, ਪਰੰਤੂ ਸਰਕਾਰੀ ਖਰਚੇ ਤੇ ਨਹੀਂ।

3. ਜੇਕਰ ਤੁਸੀਂ ਆਪਣੇ ਬੱਚੇ ਦੇ ਇੱਕ IEE ਦੀ ਮੰਗ ਕਰਦੇ ਹੋ, ਤਾਂ ਤੁਹਾਡਾ ਸਕੂਲ ਡਿਸਟ੍ਰਿਕਟ ਇਹ ਪੁੱਛ ਸਕਦਾ ਹੈ ਕਿ ਤੁਹਾਨੂੰ ਡਿਸਟ੍ਰਿਕਟ ਵੱਲੋਂ ਕੀਤੇ ਗਏ ਮੁਲਾਂਕਣ ਤੇ ਇਤਰਾਜ਼ ਕਿਉਂ ਹੈ। ਹਾਲਾਂਕਿ, ਡਿਸਟ੍ਰਿਕਟ ਕਿਸੇ ਸਪਸ਼ਟੀਕਰਨ ਦੀ ਮੰਗ ਨਹੀਂ ਕਰ ਸਕਦਾ ਅਤੇ ਸਰਕਾਰੀ ਖਰਚੇ ਤੇ ਤੁਹਾਡੇ ਬੱਚੇ ਦਾ IEE ਮੁਹੱਈਆ ਕਰਨ ਵਿੱਚ ਜਾਂ ਤੁਹਾਡੇ ਬੱਚੇ ਦੇ ਡਿਸਟ੍ਰਿਕਟ ਵੱਲੋਂ ਕੀਤੇ ਮੁਲਾਂਕਣ ਦੀ ਸਫ਼ਾਈ ਪੇਸ਼ ਕਰਨ ਲਈ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਬੇਨਤੀ ਫਾਈਲ ਕਰਨ ਵਿੱਚ ਅਨੁਚਿਤ ਰੂਪ ਨਾਲ ਦੇਰੀ ਨਹੀਂ ਕਰ ਸਕਦਾ।

ਤੁਸੀਂ ਆਪਣੇ ਸਕੂਲ ਡਿਸਟ੍ਰਿਕਟ ਵੱਲੋਂ ਹਰ ਵਾਰ ਕੀਤੇ ਤੁਹਾਡੇ ਬੱਚੇ ਦੇ ਮੁਲਾਂਕਣ, ਜਿਸ ਨਾਲ ਤੁਸੀਂ ਅਸਹਿਮਤ ਹੋ, ਲਈ ਸਰਕਾਰੀ ਖਰਚੇ ਤੇ ਆਪਣੇ ਬੱਚੇ ਦੇ ਕੇਵਲ ਇੱਕ IEE ਲਈ ਹੱਕਦਾਰ ਹੋ।

## ਮਾਪਿਆਂ ਵੱਲੋਂ ਸ਼ੁਰੂ ਕੀਤੇ ਮੁਲਾਂਕਣ

ਜੇਕਰ ਤੁਸੀਂ ਸਰਕਾਰੀ ਖਰਚੇ ਤੇ ਆਪਣੇ ਬੱਚੇ ਦਾ ਇੱਕ IEE ਮੁਲਾਂਕਣ ਪ੍ਰਾਪਤ ਕਰਦੇ ਹੋ ਜਾਂ ਤੁਸੀਂ ਡਿਸਟ੍ਰਿਕਟ ਨੂੰ ਇੱਕ IEE ਮੁਹੱਈਆ ਕਰਦੇ ਹੋ, ਜੋ ਤੁਸੀਂ ਪ੍ਰਾਈਵੇਟ ਖਰਚੇ ਤੇ ਪ੍ਰਾਪਤ ਕੀਤਾ ਹੈ:

1. ਤੁਹਾਡੇ ਡਿਸਟ੍ਰਿਕਟ ਲਈ ਤੁਹਾਡੇ ਬੱਚੇ ਲਈ ਇੱਕ FAPE ਦੇ ਪ੍ਰਬੰਧ ਦੇ ਸਬੰਧ ਵਿੱਚ ਲਏ ਜਾਣ ਵਾਲੇ ਕਿਸੇ ਵੀ ਫੈਸਲੇ ਵਿੱਚ IEE ਦੇ ਨਤੀਜਿਆਂ ਤੇ ਵਿਚਾਰ ਕਰਨਾ ਲਾਜ਼ਮੀ ਹੈ, ਜੇਕਰ ਇਹ IEE ਲਈ ਡਿਸਟ੍ਰਿਕਟ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ; **ਅਤੇ**,
2. ਤੁਸੀਂ ਜਾਂ ਤੁਹਾਡਾ ਡਿਸਟ੍ਰਿਕਟ IEE ਨੂੰ ਤੁਹਾਡੇ ਬੱਚੇ ਦੇ ਸਬੰਧ ਵਿੱਚ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਇੱਕ ਸਬੂਤ ਦੇ ਤੌਰ ਤੇ ਪੇਸ਼ ਕਰ ਸਕਦੇ ਹੋ।

## ਐਡਮਿਨਿਸਟ੍ਰੇਟਿਵ ਲਾੱ ਜੱਜਾਂ (ALJ) ਵੱਲੋਂ ਮੁਲਾਂਕਣਾਂ ਦੀਆਂ ਮੰਗਾਂ

ਜੇਕਰ ਕੋਈ ALJ ਕਿਸੇ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਹਿੱਸੇ ਦੇ ਤੌਰ ਤੇ ਤੁਹਾਡੇ ਬੱਚੇ ਦੇ ਇੱਕ IEE ਦੀ ਮੰਗ ਕਰਦਾ ਹੈ, ਤਾਂ ਮੁਲਾਂਕਣ ਦਾ ਭੁਗਤਾਨ ਸਰਕਾਰੀ ਖਰਚੇ ਤੇ ਹੋਣਾ ਲਾਜ਼ਮੀ ਹੈ।

## ਡਿਸਟ੍ਰਿਕਟ ਦਾ ਮਾਪਦੰਡ

ਜੇਕਰ ਇੱਕ IEE ਸਰਕਾਰੀ ਖਰਚੇ ਤੇ ਕੀਤਾ ਜਾਂਦਾ ਹੈ, ਤਾਂ ਮਾਪਦੰਡ, ਜਿਸਦੇ ਅਧੀਨ ਮੁਲਾਂਕਣ ਪ੍ਰਾਪਤ ਕੀਤਾ ਗਿਆ ਹੈ, ਮੁਲਾਂਕਣ ਦੇ ਸਥਾਨ ਅਤੇ ਪ੍ਰੀਖਿਅਕ ਦੀਆਂ ਯੋਗਤਾਵਾਂ ਸਮੇਤ, ਉਸ ਮਾਪਦੰਡ ਵਾਂਗ ਹੋਣਾ ਲਾਜ਼ਮੀ ਹੈ, ਜਿਸਦੀ ਵਰਤੋਂ ਡਿਸਟ੍ਰਿਕਟ ਇੱਕ ਮੁਲਾਂਕਣ ਸ਼ੁਰੂ ਕਰਦੇ ਸਮੇਂ ਕਰਦਾ ਹੈ (ਉਸ ਸੀਮਾ ਤੱਕ ਕਿ ਉਹ ਮਾਪਦੰਡ ਇੱਕ IEE ਦੇ ਤੁਹਾਡੇ ਹੱਕ ਦੇ ਮੁਤਾਬਕ ਹੋਣ)।

ਉੱਪਰ ਵਰਣਨ ਕੀਤੇ ਗਏ ਤੋਂ ਇਲਾਵਾ, ਡਿਸਟ੍ਰਿਕਟ ਸਰਕਾਰੀ ਖਰਚੇ ਤੇ ਇੱਕ IEE ਪ੍ਰਾਪਤ ਕਰਨ ਸਬੰਧੀ ਸ਼ਰਤਾਂ ਜਾਂ ਸਮਾਂ ਸੀਮਾਵਾਂ ਲਾਗੂ ਨਹੀਂ ਕਰ ਸਕਦਾ।

## ਜਾਣਕਾਰੀ ਦੀ ਗੁਪਤਤਾ

IDEA ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਰਿਕਾਰਡਾਂ ਸਬੰਧੀ ਤੁਹਾਨੂੰ ਹੱਕ ਦਿੰਦਾ ਹੈ। ਇਹ ਹੱਕ ਉਹਨਾਂ ਹੱਕਾਂ ਦੇ ਇਲਾਵਾ ਹਨ, ਜੋ ਤੁਹਾਡੇ ਕੋਲ ਫੈਮਿਲੀ ਐਜੁਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ (FERPA) ਦੇ ਅਧੀਨ ਹਨ, ਇਹ ਇੱਕ ਅਜਿਹਾ ਕਨੂੰਨ ਹੈ, ਜੋ ਸਾਰੇ ਵਿਦਿਆਰਥੀਆਂ ਨੂੰ ਸਿੱਖਿਆ ਸਬੰਧੀ ਰਿਕਾਰਡਾਂ ਦੀ ਸੁਰੱਖਿਆ ਮੁਹੱਈਆ ਕਰਦਾ ਹੈ।

### ਪਰਿਭਾਸ਼ਾਵਾਂ

### 34 CFR §300.611; WAC 392-172A-05180

ਜਿਵੇਂ ਕਿ **ਜਾਣਕਾਰੀ ਦੀ ਗੁਪਤਤਾ** ਸਿਰਲੇਖ ਦੇ ਹੇਠ ਵਰਤਿਆ ਗਿਆ ਹੈ:

- *ਨਸ਼ਟ ਕਰਨਾ* ਦਾ ਭਾਵ ਹੈ ਜਾਣਕਾਰੀ ਤੋ ਨਿੱਜੀ ਪਛਾਣ ਵਾਲੇ ਤੱਥਾਂ ਨੂੰ ਭੌਤਿਕ ਰੂਪ ਨਾਲ ਨਸ਼ਟ ਕਰਨਾ ਜਾਂ ਹਟਾਉਣਾ ਤਾਂ ਜੋ ਜਾਣਕਾਰੀ ਨੂੰ ਹੁਣ ਨਿੱਜੀ ਰੂਪ ਨਾਲ ਪਛਾਣਿਆ ਨਾ ਜਾ ਸਕੇ।
- *ਸਿੱਖਿਆ ਰਿਕਾਰਡਾਂ* ਦਾ ਭਾਵ ਹੈ 34 CFR ਭਾਗ 99 ਵਿੱਚ "ਸਿੱਖਿਆ ਰਿਕਾਰਡਾਂ" ਪਰਿਭਾਸ਼ਾ ਦੇ ਅਧੀਨ ਸ਼ਾਮਲ ਕੀਤੇ ਰਿਕਾਰਡਾਂ ਦੇ ਪ੍ਰਕਾਰ (1974 ਦੇ ਫੈਮਿਲੀ ਐਜੁਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ, 20 U.S.C 1232g (FERPA) ਨੂੰ ਲਾਗੂ ਕਰਨ ਵਾਲੇ ਰੈਗੁਲੇਸ਼ਨਸ।
- *ਹਿੱਸਾ ਲੈਣ ਵਾਲੀ ਏਜੰਸੀ* ਦਾ ਭਾਵ ਹੈ ਕੋਈ ਵੀ ਸਕੂਲ ਡਿਸਟ੍ਰਿਕਟ, ਏਜੰਸੀ ਜਾਂ ਸੰਸਥਾਨ, ਜੋ ਪਾਰਟ ਬੀ ਜਾਂ IDEA ਦੇ ਅਧੀਨ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਇਕੱਤਰ ਕਰਦਾ ਹੈ, ਉਸਨੂੰ ਸਾਂਭਦਾ ਹੈ ਜਾਂ ਵਰਤਦਾ ਹੈ, ਜਾਂ ਜਿਸ ਤੋਂ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ।

## ਨਿੱਜੀ ਰੂਪ ਨਾਲ ਪਛਾਣਯੋਗ

## 34 CFR §300.32; WAC 392-172A-01140

*ਨਿੱਜੀ ਰੂਪ ਨਾਲ ਪਛਾਣਯੋਗ* ਦਾ ਭਾਵ ਹੈ ਉਹ ਜਾਣਕਾਰੀ ਜਿਸ ਵਿੱਚ:

1. ਤੁਹਾਡੇ ਬੱਚੇ ਦਾ ਨਾਮ, ਮਾਪਿਆਂ ਦੇ ਤੌਰ ਤੇ ਤੁਹਾਡਾ ਨਾਮ ਜਾਂ ਕਿਸੇ ਦੂਜੇ ਪਰਿਵਾਰ ਸਦੱਸ ਦਾ ਨਾਮ ਹੈ;
2. ਤੁਹਾਡੇ ਬੱਚੇ ਦਾ ਪਤਾ ਹੈ;
3. ਕੋਈ ਨਿੱਜੀ ਪਛਾਣ ਵਾਲਾ ਤੱਥ, ਜਿਵੇਂ ਤੁਹਾਡੇ ਬੱਚੇ ਦਾ ਸੋਸ਼ਲ ਸਿਕਿਓਰਿਟੀ ਨੰਬਰ ਜਾਂ ਵਿਦਿਆਰਥੀ ਨੰਬਰ; **ਜਾਂ**,
4. ਨਿੱਜੀ ਵਿਸ਼ੇਸ਼ਤਾਵਾਂ ਜਾਂ ਹੋਰ ਜਾਣਕਾਰੀ ਦੀ ਸੂਚੀ, ਜੋ ਉਚਿਤ ਨਿਸ਼ਚਿਤਤਾ ਨਾਲ ਤੁਹਾਡੇ ਬੱਚੇ ਦੀ ਪਛਾਣ ਨੂੰ ਸੰਭਵ ਬਣਾ ਸਕਦੀ ਹੈ।

## ਮਾਪਿਆਂ ਲਈ ਨੋਟਿਸ

## 34 CFR §300.612; WAC 392-172A-05185

OSPI ਆਪਣੇ ਰੈਗੁਲੇਸ਼ਨਸ ਰਾਹੀਂ, ਤੁਹਾਨੂੰ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਬਾਰੇ ਪੂਰੀ ਤਰ੍ਹਾਂ ਸੂਚਿਤ ਕਰਨ ਲਈ ਨੋਟਿਸ ਦਿੰਦੀ ਹੈ, ਜਿਸ ਵਿੱਚ ਇਹ ਸ਼ਾਮਲ ਹੁੰਦਾ ਹੈ:

1. ਉਸ ਸੀਮਾ ਦਾ ਵਰਣਨ, ਜਿਸ ਸੀਮਾ ਤੱਕ ਵਾਸ਼ਿੰਗਟਨ ਵਿੱਚ ਵੱਖ-ਵੱਖ ਅਬਾਦੀ ਸਮੂਹਾਂ ਦੀਆਂ ਮੂਲ ਭਾਸ਼ਾਵਾਂ ਵਿੱਚ ਨੋਟਿਸ ਦਿੱਤਾ ਜਾਂਦਾ ਹੈ;
2. ਉਹਨਾਂ ਬੱਚਿਆਂ ਦਾ ਵਰਣਨ, ਜਿਹਨਾਂ ਬਾਰੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਸਾਂਭੀ ਜਾਂਦੀ ਹੈ, ਮੰਗੀ ਗਈ ਜਾਣਕਾਰੀ ਦੇ ਪ੍ਰਕਾਰ, ਉਹ ਵਿਧੀਆਂ, ਜਿਹਨਾਂ ਦੀ ਵਰਤੋਂ ਵਾਸ਼ਿੰਗਟਨ ਜਾਣਕਾਰੀ ਇਕੱਤਰ ਕਰਨ ਲਈ ਕਰਦਾ ਹੈ (ਉਹਨਾਂ ਸਰੋਤਾਂ ਸਮੇਤ, ਜਿਹਨਾਂ ਤੋਂ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ) ਅਤੇ ਜਾਣਕਾਰੀ ਦੀ ਕੀਤੀ ਜਾਣ ਵਾਲੀ ਵਰਤੋਂ;
3. ਉਹਨਾਂ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਸਾਰ, ਜਿਸਨੂੰ ਡਿਸਟ੍ਰਿਕਟਸ ਲਈ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਨੂੰ ਸਾਂਭਣ, ਤੀਜੀਆਂ ਪਾਰਟੀਆਂ ਨੂੰ ਪ੍ਰਗਟ ਕਰਨ, ਰੱਖਣ ਅਤੇ ਨਸ਼ਟ ਕਰਨ ਦੇ ਸਬੰਧ ਵਿੱਚ ਪਾਲਣਾ ਕਰਨੀ ਲਾਜ਼ਮੀ ਹੈ; <u>ਅਤੇ</u>,
4. ਫੈਮਿਲੀ ਐਜੁਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ (FERPA) ਅਤੇ 34 CFR ਭਾਗ 99 ਵਿੱਚ ਇਸਦੇ ਲਾਗੂ ਕਰਨ ਵਾਲੇ ਰੈਗੁਲੇਸ਼ਨਸ ਦੇ ਅਧੀਨ ਹੱਕਾਂ ਸਮੇਤ ਇਸ ਜਾਣਕਾਰੀ ਦੇ ਸਬੰਧ ਵਿੱਚ ਮਾਪਿਆਂ ਅਤੇ ਵਿਦਿਆਰਥੀਆਂ ਦੇ ਸਾਰੇ ਹੱਕਾਂ ਦਾ ਵਰਣਨ।

ਕਿਸੇ ਵੀ ਪੂਰੇ ਸਟੇਟ ਭਰ ਦੀ ਪਛਾਣ, ਸਥਾਨ ਜਾਂ ਮੁਲਾਂਕਣ ਗਤੀਵਿਧੀ ਤੋਂ ਪਹਿਲਾਂ (ਇਸਨੂੰ “ਚਾਈਲਡ ਫਾਈਂਡ” ਵੀ ਕਿਹਾ ਜਾਂਦਾ ਹੈ), ਅਖਬਾਰਾਂ ਵਿੱਚ ਇੱਕ ਨੋਟਿਸ ਪ੍ਰਕਾਸ਼ਿਤ ਕੀਤਾ ਜਾਣਾ ਜਾਂ ਹੋਰ ਮੀਡੀਆ ਵਿੱਚ ਜਾਂ ਦੋਵਾਂ ਵਿੱਚ, ਘੋਸ਼ਿਤ ਕੀਤਾ ਜਾਣਾ ਲਾਜ਼ਮੀ ਹੈ, ਜਿਸਦੀ ਕਾਫੀ ਲੋਕਾਂ ਤੱਕ ਪਹੁੰਚ ਹੋਵੇ, ਤਾਂ ਜੋ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਦੇ ਲੋੜਵੰਦ ਬੱਚਿਆਂ ਦਾ ਪਤਾ ਲਗਾਉਣ, ਉਹਨਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਮੁਲਾਂਕਣ ਕਰਨ ਦੀ ਗਤੀਵਿਧੀ ਰਾਹੀਂ ਸਮੁੱਚੇ ਸਟੇਟ ਦੇ ਮਾਪਿਆਂ ਨੂੰ ਸੂਚਿਤ ਕੀਤਾ ਜਾ ਸਕੇ।

## ਪਹੁੰਚ ਸਬੰਧੀ ਹੱਕ

## 34 CFR §300.613-617; WAC 392-172A-05190–05210

ਤੁਹਾਨੂੰ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਹੱਕ ਹੈ, ਜੋ IDEA ਦੇ ਪਾਰਟ ਬੀ ਦੇ ਅਧੀਨ ਤੁਹਾਡੇ ਸਕੂਲ ਡਿਸਟ੍ਰਿਕਟ ਵੱਲੋਂ ਇਕੱਤਰ ਕੀਤੇ, ਸਾਂਭੇ ਜਾਂ ਵਰਤੇ ਜਾਂਦੇ ਹਨ। ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ ਬਿਨਾਂ ਕਿਸੇ ਅਨੁਚਿਤ ਦੇਰੀ ਦੇ ਅਤੇ ਇੱਕ IEP ਜਾਂ ਕਿਸੇ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ (ਇੱਕ ਵਿਸ਼ਲੇਸ਼ਣ ਮੀਟਿੰਗ ਜਾਂ

ਡਿਸਪਲਿਨ ਸਬੰਧੀ ਇੱਕ ਵਿਸ਼ੇਸ਼ ਸਿੱਖਿਆ ਮੁਨਾਸਬ ਪ੍ਰਕਿਰਿਆ ਸੁਣਵਾਈ ਸਮੇਤ) ਦੇ ਸਬੰਧ ਵਿੱਚ ਕਿਸੇ ਵੀ ਮੀਟਿੰਗ ਤੋਂ ਪਹਿਲਾਂ ਅਤੇ ਕਿਸੇ ਵੀ ਸਥਿਤੀ ਵਿੱਚ ਤੁਹਾਡੇ ਵੱਲੋਂ ਮੰਗ ਕੀਤੇ ਜਾਣ ਤੋਂ ਬਾਅਦ 45 ਕੈਲੰਡਰ ਦਿਨਾਂ ਤੱਕ ਤੁਹਾਡੇ ਬੱਚੇ ਦੇ ਕਿਸੇ ਵੀ ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਦੀ ਤੁਹਾਡੀ ਮੰਗ ਦੀ ਪਾਲਣਾ ਕਰੇ।

ਸਿੱਖਿਆ ਸਬੰਧੀ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਦੇ ਤੁਹਾਡੇ ਹੱਕ ਵਿੱਚ ਸ਼ਾਮਲ ਹੈ:

1. ਰਿਕਾਰਡਾਂ ਦੇ ਸਪਸ਼ਟੀਕਰਨਾਂ ਅਤੇ ਵਿਆਖਿਆ ਲਈ ਤੁਹਾਡੀ ਉਚਿਤ ਮੰਗ ਲਈ ਡਿਸਟ੍ਰਿਕਟ ਵੱਲੋਂ ਜਵਾਬ ਪ੍ਰਾਪਤ ਕਰਨ ਦਾ ਤੁਹਾਡਾ ਹੱਕ;
2. ਇਹ ਮੰਗ ਕਰਨ ਦਾ ਤੁਹਾਡਾ ਹੱਕ ਕਿ ਸਕੂਲ ਡਿਸਟ੍ਰਿਕਟ ਤੁਹਾਨੂੰ ਰਿਕਾਰਡਾਂ ਦੀਆਂ ਕਾਪੀਆਂ ਮੁਹੱਈਆ ਕਰੇ, ਜੇਕਰ ਤੁਸੀਂ ਰਿਕਾਰਡਾਂ ਦੀ ਅਸਰਦਾਰ ਢੰਗ ਨਾਲ ਜਾਂਚ ਜਾਂ ਸਮੀਖਿਆ ਨਹੀਂ ਕਰ ਸਕਦੇ, ਜਦੋਂ ਤੱਕ ਕਿ ਤੁਸੀਂ ਉਹ ਕਾਪੀਆਂ ਪ੍ਰਾਪਤ ਨਹੀਂ ਕਰਦੇ; **ਅਤੇ**,
3. ਆਪਣੇ ਪ੍ਰਤੀਨਿਧੀ ਤੋਂ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਵਾਉਣ ਦਾ ਤੁਹਾਡਾ ਹੱਕ।

ਡਿਸਟ੍ਰਿਕਟ ਇਹ ਮੰਨੇਗਾ ਕਿ ਤੁਹਾਨੂੰ ਆਪਣੇ ਬੱਚੇ ਨਾਲ ਸਬੰਧਿਤ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦਾ ਅਧਿਕਾਰ ਹੈ, ਜਦੋਂ ਤੱਕ ਕਿ ਇਹ ਸੂਚਿਤ ਨਾ ਕੀਤਾ ਜਾਏ ਕਿ ਸਰਪਰਸਤੀ, ਵੱਖਰੇ ਰਹਿਣ ਅਤੇ ਤਲਾਕ ਵਜੋਂ ਇਹਨਾਂ ਮਾਮਲਿਆਂ ਨੂੰ ਸੰਚਾਲਿਤ ਕਰਨ ਵਾਲੇ ਲਾਗੂ ਸਟੇਟ ਕਨੂੰਨ ਦੇ ਅਧੀਨ ਤੁਹਾਡੀ ਇਸਦਾ ਅਧਿਕਾਰ ਨਹੀਂ ਹੈ।

## ਪਹੁੰਚ ਦੇ ਰਿਕਾਰਡ

ਹਰੇਕ ਸਕੂਲ ਡਿਸਟ੍ਰਿਕਟ ਲਈ ਉਹਨਾਂ ਪਾਰਟੀਆਂ ਦੇ ਰਿਕਾਰਡ ਰੱਖਣਾ ਲਾਜ਼ਮੀ ਹੈ, ਜੋ IDEA ਦੇ ਭਾਗ ਬੀ ਦੇ ਅਧੀਨ ਇਕੱਤਰ ਕੀਤੇ, ਸਾਂਝੇ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਤੱਕ ਪਹੁੰਚ ਪ੍ਰਾਪਤ ਕਰਦੇ ਹਨ, ਉਸ ਪਾਰਟੀ ਦੇ ਨਾਮ, ਜਿਸ ਤਾਰੀਖ ਨੂੰ ਪਹੁੰਚ ਦਿੱਤੀ ਗਈ ਸੀ ਅਤੇ ਉਸ ਉਦੇਸ਼ ਸਮੇਤ, ਜਿਸ ਲਈ ਪਾਰਟੀ ਨੂੰ ਰਿਕਾਰਡ ਵਰਤਣ ਦਾ ਅਧਿਕਾਰ ਦਿੱਤਾ ਗਿਆ ਸੀ। ਸਕੂਲ ਡਿਸਟ੍ਰਿਕਟਸ ਨੂੰ ਮਾਪਿਆਂ ਲਈ ਪਹੁੰਚ ਵਾਲੇ ਜਾਂ ਸਕੂਲ ਡਿਸਟ੍ਰਿਕਟ ਦੇ ਕਰਮਚਾਰੀਆਂ ਦੇ ਅਧਿਕਾਰ ਵਾਲੇ ਇਹ ਰਿਕਾਰਡ ਰੱਖਣ ਦੀ ਲੋੜ ਨਹੀਂ ਹੁੰਦੀ।

## ਇੱਕ ਤੋਂ ਵੱਧ ਬੱਚਿਆਂ ਬਾਰੇ ਰਿਕਾਰਡ

ਜੇਕਰ ਕਿਸੇ ਵੀ ਸਿੱਖਿਆ ਸਬੰਧੀ ਰਿਕਾਰਡ ਵਿੱਚ ਇੱਕ ਤੋਂ ਵੱਧ ਵਿਦਿਆਰਥੀਆਂ ਬਾਰੇ ਜਾਣਕਾਰੀ ਹੈ, ਤਾਂ ਤੁਹਾਨੂੰ ਸਿਰਫ ਆਪਣੇ ਬੱਚੇ ਨਾਲ ਸਬੰਧਿਤ ਜਾਣਕਾਰੀ ਦੀ ਜਾਂਚ ਅਤੇ ਸਮੀਖਿਆ ਕਰਨ ਜਾਂ ਉਸ ਜਾਣਕਾਰੀ ਬਾਰੇ ਸੂਚਨਾ ਪ੍ਰਾਪਤ ਕਰਨ ਦਾ ਹੱਕ ਹੈ, ਜੇਕਰ ਡਿਸਟ੍ਰਿਕਟ ਦੂਜੇ ਵਿਦਿਆਰਥੀ ਬਾਰੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਨੂੰ ਜ਼ਾਹਰ ਕੀਤੇ ਬਿਨਾਂ ਤੁਹਾਨੂੰ ਉਹ ਜਾਣਕਾਰੀ ਨਹੀਂ ਦਿਖਾ ਸਕਦਾ।

## ਜਾਣਕਾਰੀ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ

ਜੇਕਰ ਤੁਸੀਂ ਇਸਦੀ ਮੰਗ ਕਰਦੇ ਹੋ, ਤਾਂ ਸਕੂਲ ਡਿਸਟ੍ਰਿਕਟ ਲਈ ਤੁਹਾਨੂੰ ਸਕੂਲ ਡਿਸਟ੍ਰਿਕਟ ਵੱਲੋਂ ਇਕੱਤਰ ਕੀਤੇ, ਸਾਂਭੇ ਗਏ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਦੇ ਪ੍ਰਕਾਰਾਂ ਅਤੇ ਸਥਾਨਾਂ ਦੀ ਸੂਚੀ ਮੁਹੱਈਆ ਕਰਨਾ ਲਾਜ਼ਮੀ ਹੈ।

## ਫੀਸ

ਸਕੂਲ ਡਿਸਟ੍ਰਿਕਟ ਉਹਨਾਂ ਰਿਕਾਰਡਾਂ ਦੀਆਂ ਕਾਪੀਆਂ ਲਈ ਫੀਸ ਲੈ ਸਕਦਾ ਹੈ, ਜੋ IDEA ਦੇ ਪਾਰਟ ਬੀ ਦੇ ਅਧੀਨ ਤੁਹਾਡੇ ਲਈ ਬਣਾਈਆਂ ਗਈਆਂ ਹਨ, ਜੇਕਰ ਫੀਸ ਤੁਹਾਨੂੰ ਉਹਨਾਂ ਰਿਕਾਰਡਾਂ ਦੀ ਜਾਂਚ ਅਤੇ ਸਮੀਖਿਆ ਕਰਨ ਦੇ ਤੁਹਾਡੇ ਹੱਕ ਨੂੰ ਅਸਰਦਾਰ ਢੰਗ ਨਾਲ ਇਸਤੇਮਾਲ ਕਰਨ ਤੋਂ ਨਹੀਂ ਰੋਕਦੀ। IDEA ਦੇ ਅਧੀਨ ਜਾਣਕਾਰੀ ਖੋਜਣ ਜਾਂ ਮੁੜ ਪ੍ਰਾਪਤ ਕਰਨ ਲਈ ਫੀਸ ਨਹੀਂ ਲਈ ਜਾ ਸਕਦੀ।

# ਮਾਪਿਆਂ ਦੀ ਮੰਗ ਤੇ ਰਿਕਾਰਡਾਂ ਵਿੱਚ ਸੋਧ
# 34 CFR §300.618 – §300.621; WAC 392-172A-05125

ਜੇਕਰ ਤੁਸੀਂ ਮੰਨਦੇ ਹੋ ਕਿ ਤੁਹਾਡੇ ਬੱਚੇ ਨਾਲ ਸਬੰਧਿਤ IDEA ਦੇ ਅਧੀਨ ਇਕੱਤਰ ਕੀਤੇ, ਸਾਂਭੇ ਗਏ ਜਾਂ ਵਰਤੇ ਗਏ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਹੈ ਜਾਂ ਤੁਹਾਡੇ ਬੱਚੇ ਦੇ ਪ੍ਰਾਈਵੇਸੀ ਦੇ ਜਾਂ ਹੋਰਾਂ ਹੱਕਾਂ ਦੀ ਉਲੰਘਣਾ ਕਰਦੀ ਹੈ, ਤਾਂ ਤੁਸੀਂ ਡਿਸਟ੍ਰਿਕਟ ਨੂੰ ਜਾਣਕਾਰੀ ਵਿੱਚ ਤਬਦੀਲੀ ਕਰਨ ਲਈ ਕਹਿ ਸਕਦੇ ਹੋ।

ਡਿਸਟ੍ਰਿਕਟ ਲਈ ਇਹ ਨਿਰਧਾਰਤ ਕਰਨਾ ਲਾਜ਼ਮੀ ਹੈ ਕਿ ਜਾਣਕਾਰੀ ਵਿੱਚ ਤਬਦੀਲੀ ਤੁਹਾਡੀ ਮੰਗ ਦੀ ਪ੍ਰਾਪਤੀ ਦੇ ਸਮੇਂ ਦੀ ਇੱਕ ਉਚਿਤ ਮਿਆਦ ਦੇ ਅੰਦਰ ਤੁਹਾਡੀ ਮੰਗ ਦੇ ਮੁਤਾਬਕ ਹੋਵੇ।

## ਇੱਕ ਸੁਣਵਾਈ ਦਾ ਮੌਕਾ, ਸੁਣਵਾਈ ਪ੍ਰਕਿਰਿਆਵਾਂ ਅਤੇ ਸੁਣਵਾਈ ਦੇ ਨਤੀਜੇ

ਜੇਕਰ ਤੁਹਾਡਾ ਸਕੂਲ ਡਿਸਟ੍ਰਿਕਟ ਤੁਹਾਡੀ ਮੰਗ ਦੇ ਮੁਤਾਬਕ ਜਾਣਕਾਰੀ ਵਿੱਚ ਤਬਦੀਲੀ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਉਸ ਲਈ ਲਾਜ਼ਮੀ ਹੈ ਕਿ ਉਹ ਤੁਹਾਨੂੰ ਉਸ ਫੈਸਲੇ ਬਾਰੇ ਅਤੇ ਡਿਸਟ੍ਰਿਕਟ ਵੱਲੋਂ ਸੁਣਵਾਈ ਦੇ ਤੁਹਾਡੇ ਹੱਕ ਬਾਰੇ ਤੁਹਾਨੂੰ ਸੂਚਿਤ ਕਰੇ।

ਤੁਹਾਨੂੰ ਇਹ ਯਕੀਨੀ ਬਣਾਉਣ ਲਈ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਤਬਦੀਲੀ ਨੂੰ ਚੁਣੌਤੀ ਦੇਣ ਲਈ ਇੱਕ ਸੁਣਵਾਈ ਦੀ ਮੰਗ ਕਰਨ ਦਾ ਹੱਕ ਹੈ ਕਿ ਇਹ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਤੁਹਾਡੇ ਬੱਚੇ ਦੇ ਪ੍ਰਾਈਵੇਸੀ ਦੇ ਅਤੇ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਨਹੀਂ ਹੈ। ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਜਾਣਕਾਰੀ ਦੀ ਸਫ਼ਾਈ ਪੇਸ਼ ਕਰਨ ਲਈ ਸੁਣਵਾਈ FERPA ਦੇ ਅਧੀਨ ਡਿਸਟ੍ਰਿਕਟ ਦੀਆਂ ਸੁਣਵਾਈ ਪ੍ਰਕਿਰਿਆਵਾਂ ਦੇ ਮੁਤਾਬਕ ਕੀਤੀ ਜਾਣੀ ਲਾਜ਼ਮੀ ਹੈ। ਇਹ ਇੱਕ ਵਿਸ਼ੇਸ਼ ਸਿੱਖਿਆ ਮੁਨਾਸਬ ਪ੍ਰਕਿਰਿਆ ਸੁਣਵਾਈ ਨਹੀਂ ਹੈ।

ਜੇਕਰ, ਸੁਣਵਾਈ ਦੇ ਨਤੀਜੇ ਵਜੋਂ, ਡਿਸਟ੍ਰਿਕਟ ਫੈਸਲਾ ਕਰਦਾ ਹੈ ਕਿ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਵਿਦਿਆਰਥੀ ਦੇ ਪ੍ਰਾਈਵੇਸੀ ਦੇ ਜਾਂ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਹੈ, ਤਾਂ ਉਸ ਲਈ ਮੰਗ ਮੁਤਾਬਕ ਜਾਣਕਾਰੀ ਵਿੱਚ ਤਬਦੀਲੀਆਂ ਕਰਨਾ ਅਤੇ ਤੁਹਾਨੂੰ ਲਿਖਤ ਵਿੱਚ ਉਹਨਾਂ ਤਬਦੀਲੀਆਂ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ।

ਜੇਕਰ, ਸੁਣਵਾਈ ਦੇ ਨਤੀਜੇ ਵਜੋਂ, ਡਿਸਟ੍ਰਿਕਟ ਫੈਸਲਾ ਕਰਦਾ ਹੈ ਕਿ ਜਾਣਕਾਰੀ ਗਲਤ, ਭੁਲੇਖਾ ਪਾਉਣ ਵਾਲੀ ਜਾਂ ਕਿਸੇ ਹੋਰ ਤਰ੍ਹਾਂ ਨਾਲ ਤੁਹਾਡੇ ਬੱਚੇ ਦੇ ਪ੍ਰਾਈਵੇਸੀ ਦੇ ਜਾਂ ਹੋਰਾਂ ਹੱਕਾਂ ਦੀ ਉਲੰਘਣਾ ਕਰਨ ਵਾਲੀ ਨਹੀਂ ਹੈ, ਤਾਂ ਉਸ ਲਈ ਤੁਹਾਨੂੰ ਇਹ ਸੂਚਿਤ ਕਰਨਾ ਲਾਜ਼ਮੀ ਹੈ ਕਿ ਤੁਹਾਨੂੰ ਜਾਣਕਾਰੀ ਤੇ ਟਿੱਪਣੀ ਕਰਦੇ ਹੋਏ ਆਪਣੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਇੱਕ ਬਿਆਨ ਰੱਖਣ ਜਾਂ ਡਿਸਟ੍ਰਿਕਟ ਨਾਲ ਤੁਹਾਡੇ ਅਸਹਿਮਤ ਹੋਣ ਦੇ ਕਾਰਨ ਮੁਹੱਈਆ ਕਰਨ ਦਾ ਹੱਕ ਹੈ।

ਜੇਕਰ ਤੁਸੀਂ ਆਪਣੇ ਬੱਚੇ ਦੇ ਰਿਕਾਰਡਾਂ ਵਿੱਚ ਇੱਕ ਬਿਆਨ ਰੱਖਣ ਦੀ ਚੋਣ ਕਰਦੇ ਹੋ ਤਾਂ ਲਾਜ਼ਮੀ ਹੈ ਕਿ ਬਿਆਨ:

1. ਤੁਹਾਡੇ ਬੱਚੇ ਦੇ ਰਿਕਾਰਡਾਂ ਦੇ ਹਿੱਸੇ ਦੇ ਤੌਰ ਤੇ ਡਿਸਟ੍ਰਿਕਟ ਵੱਲੋਂ ਸਾਂਭਿਆ ਜਾਏ, ਜਦੋਂ ਤੱਕ ਕਿ ਰਿਕਾਰਡ ਜਾਂ ਸਫ਼ਾਈ ਪੇਸ਼ ਕੀਤਾ ਭਾਗ ਸਾਂਭਿਆ ਜਾਂਦਾ ਹੈ; **ਅਤੇ**,
2. ਜੇਕਰ ਡਿਸਟ੍ਰਿਕਟ ਤੁਹਾਡੇ ਬੱਚੇ ਦੇ ਰਿਕਾਰਡਾਂ ਜਾਂ ਚੁਣੌਤੀ ਦਿੱਤੋ ਗਏ ਭਾਗ ਨੂੰ ਤੀਜੀ ਪਾਰਟੀ ਦੇ ਸਨਮੁਖ ਪ੍ਰਗਟ ਕਰਦਾ ਹੈ, ਤਾਂ ਬਿਆਨ ਵੀ ਉਸ ਪਾਰਟੀ ਦੇ ਸਨਮੁਖ ਪ੍ਰਗਟ ਕੀਤਾ ਜਾਣਾ ਲਾਜ਼ਮੀ ਹੈ।

## ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੇ ਪ੍ਰਗਟਾਵੇ ਲਈ ਸਹਿਮਤੀ
## 34 CFR §300.622; WAC 392-172A-05225

ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੂਜਿਆਂ ਦੇ ਸਨਮੁਖ ਪ੍ਰਗਟ ਕਰਨ ਤੋਂ ਪਹਿਲਾਂ ਤੁਹਾਡੀ ਲਿਖਤ ਸਹਿਮਤੀ ਪ੍ਰਾਪਤ ਕਰਨਾ ਲਾਜ਼ਮੀ ਹੈ, ਜਦੋਂ ਤੱਕ ਕਿ FERPA ਦੇ ਅਧੀਨ ਤੁਹਾਡੇ ਬੱਚੇ ਦੇ ਸਿੱਖਿਆ ਸਬੰਧੀ ਰਿਕਾਰਡਾਂ ਵਿੱਚ ਦਿੱਤੀ ਗਈ ਜਾਣਕਾਰੀ ਦੇ ਪ੍ਰਗਟਾਵੇ ਦੀ ਇਜਾਜ਼ਤ ਮਾਪਿਆਂ ਦੀ ਸਹਿਮਤੀ ਦੇ ਬਿਨਾਂ ਨਾ ਦਿੱਤੀ ਗਈ ਹੋਵੇ। ਸਧਾਰਨ ਤੌਰ ਤੇ, IDEA ਦੇ ਪਾਰਟ ਬੀ ਦੀ ਇੱਕ ਸ਼ਰਤ ਨੂੰ ਪੂਰਾ ਕਰਨ ਦੇ ਉਦੇਸ਼ ਲਈ ਹਿੱਸਾ ਲੈਣ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਰਿਲੀਜ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਦੀ ਲੋੜ ਨਹੀਂ ਹੁੰਦੀ। ਹਾਲਾਂਕਿ, ਟ੍ਰਾਂਜਿਸ਼ਨ ਸੇਵਾਵਾਂ ਮੁਹੱਈਆ ਕਰਨ ਜਾਂ ਇਸਦਾ ਭੁਗਤਾਨ ਕਰਨ ਲਈ ਹਿੱਸਾ ਲੈਣ ਵਾਲੀਆਂ ਏਜੰਸੀਆਂ ਦੇ ਅਧਿਕਾਰੀਆਂ ਨੂੰ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਰਿਲੀਜ ਕਰਨ

ਤੋਂ ਪਹਿਲਾਂ, ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸਹਿਮਤੀ ਪ੍ਰਾਪਤ ਕੀਤੀ ਜਾਣੀ ਲਾਜ਼ਮੀ ਹੈ, ਜੇਕਰ ਉਹ ਬਾਲਗ ਹੈ। ਇਸਤੋਂ ਇਲਾਵਾ, ਜੇਕਰ ਤੁਹਾਡਾ ਬੱਚਾ ਕਿਸੇ ਪ੍ਰਾਈਵੇਟ ਸਕੂਲ ਵਿੱਚ ਜਾਂਦਾ ਹੈ, ਤਾਂ ਡਿਸਟ੍ਰਿਕਟ, ਜਿੱਥੇ ਪ੍ਰਾਈਵੇਟ ਸਕੂਲ ਸਥਿਤ ਹੈ ਅਤੇ ਡਿਸਟ੍ਰਿਕਟ ਵਿੱਚ ਉਹਨਾਂ ਅਧਿਕਾਰੀਆਂ ਵਿਚਕਾਰ ਜਿੱਥੇ ਤੁਹਾਡਾ ਬੱਚਾ ਰਹਿੰਦਾ ਹੈ, ਤੁਹਾਡੇ ਬੱਚੇ ਬਾਰੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਰਿਲੀਜ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਪ੍ਰਾਪਤ ਕੀਤੀ ਜਾਣੀ ਲਾਜ਼ਮੀ ਹੈ, ਜੇਕਰ ਤੁਸੀਂ ਆਪਣੇ ਨਿਵਾਸ ਸਥਾਨ ਦੇ ਡਿਸਟ੍ਰਿਕਟ ਵਿੱਚ ਆਪਣੇ ਬੱਚੇ ਦਾ ਦਾਖਲਾ ਕਰਾਉਣ ਦੀ ਯੋਜਨਾ ਨਹੀਂ ਬਣਾ ਰਹੇ ਹੋ।

## ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਲਈ ਸੁਰੱਖਿਆ ਉਪਾਅ
## 34 CFR §300.623; WAC 392-172A-05230

ਤੁਹਾਡੇ ਸਕੂਲ ਡਿਸਟ੍ਰਿਕਟ ਲਈ ਇਕੱਤਰੀਕਰਨ, ਸਾਂਭਣ, ਪ੍ਰਗਟਾਵਾ ਕਰਨ ਅਤੇ ਨਸ਼ਟ ਕਰਨ ਦੇ ਪੜਾਵਾਂ ਤੇ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਦੀ ਰੱਖਿਆ ਕਰਨਾ ਲਾਜ਼ਮੀ ਹੈ। ਸਕੂਲ ਡਿਸਟ੍ਰਿਕਟ ਵਿਖੇ ਇੱਕ ਅਧਿਕਾਰੀ ਲਈ ਕਿਸੇ ਵੀ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਦੀ ਗੁਪਤਤਾ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਲਾਜ਼ਮੀ ਹੈ। ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਇਕੱਤਰ ਕਰਨ ਵਾਲੇ ਜਾਂ ਵਰਤਣ ਵਾਲੇ ਸਾਰੇ ਵਿਅਕਤੀਆਂ ਲਈ IDEA ਦੇ ਪਾਰਟ ਬੀ ਅਤੇ FERPA ਦੇ ਅਧੀਨ ਗੁਪਤਤਾ ਸਬੰਧੀ ਟ੍ਰੇਨਿੰਗ ਜਾਂ ਨਿਰਦੇਸ਼ ਪ੍ਰਾਪਤ ਕਰਨਾ ਲਾਜ਼ਮੀ ਹੈ।

ਹਰੇਕ ਸਕੂਲ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ, ਸਰਕਾਰੀ ਜਾਂਚ ਲਈ, ਏਜੰਸੀ ਦੇ ਅੰਦਰ ਉਹਨਾਂ ਕਰਮਚਾਰੀਆਂ ਦੇ ਨਾਮ ਅਤੇ ਅਹੁਦਿਆਂ ਦੀ ਮੌਜੂਦਾ ਸੂਚੀ ਰੱਖੇ, ਜਿਹਨਾਂ ਦੀ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਤੱਕ ਪਹੁੰਚ ਹੋ ਸਕਦੀ ਹੈ।

## ਜਾਣਕਾਰੀ ਨੂੰ ਨਸ਼ਟ ਕਰਨਾ, ਰੱਖਣਾ ਅਤੇ ਸਾਂਭਣਾ
## 34 CFR §300.624; WAC 392-172A-05235

ਤੁਹਾਡੇ ਸਕੂਲ ਡਿਸਟ੍ਰਿਕਟ ਲਈ ਤੁਹਾਨੂੰ ਇਹ ਸੂਚਿਤ ਕਰਨਾ ਲਾਜ਼ਮੀ ਹੈ ਕਿ ਇਕੱਤਰ ਕੀਤੀ, ਸਾਂਭੀ ਗਈ ਜਾਂ ਵਰਤੀ ਗਈ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਤੁਹਾਡੇ ਬੱਚੇ ਨੂੰ ਸਿੱਖਿਆ ਸਬੰਧੀ ਸੇਵਾਵਾਂ ਮੁਹੱਈਆ ਕਰਨ ਲਈ ਕਦੋਂ ਲੋੜੀਂਦੀ ਨਹੀਂ ਹੈ।

ਜਦੋਂ ਇਹ ਲੋੜੀਂਦੀ ਨਾ ਹੋਵੇ, ਤਾਂ ਤੁਹਾਡੀ ਮੰਗ ਤੇ ਜਾਣਕਾਰੀ ਨੂੰ ਨਸ਼ਟ ਕੀਤਾ ਜਾਣਾ ਲਾਜ਼ਮੀ ਹੈ। ਹਾਲਾਂਕਿ, ਤੁਹਾਡੇ ਬੱਚੇ ਦਾ ਨਾਮ, ਪਤਾ ਅਤੇ ਫੋਨ ਨੰਬਰ, ਉਸਦੇ ਗ੍ਰੇਡ, ਹਾਜ਼ਰੀ ਰਿਕਾਰਡ, ਜਿਹਨਾਂ ਕਲਾਸਾਂ ਵਿੱਚ ਉਹ ਸ਼ਾਮਲ ਹੋਇਆ ਜਾਂ ਹੋਈ, ਪੂਰੇ ਕੀਤੇ ਗ੍ਰੇਡ ਪੱਧਰ ਅਤੇ ਪੂਰੇ ਕੀਤੇ ਸਾਲ ਦਾ ਸਥਾਈ ਰਿਕਾਰਡ ਬਿਨਾਂ ਸਮਾਂ ਸੀਮਾਂ ਦੇ ਸਾਂਭਿਆ ਜਾ ਸਕਦਾ ਹੈ।

ਰਿਕਾਰਡ ਰੱਖਣ ਦੇ ਸਬੰਧ ਵਿੱਚ ਸਟੇਟ ਕਨੂੰਨ ਚੈਪਟਰ 40.14 RCW ਵਿੱਚ ਦਿੱਤਾ ਗਿਆ ਹੈ। ਕਿਸੇ ਡਿਸਟ੍ਰਿਕਟ ਲਈ ਰਿਕਾਰਡਾਂ ਨੂੰ ਕਦੋਂ ਤੱਕ ਰੱਖਣਾ ਲਾਜ਼ਮੀ ਹੈ, ਇਸ ਬਾਰੇ ਪ੍ਰਕਿਰਿਆਵਾਂ ਵਾਸ਼ਿੰਗਟਨ ਸੈਕਰੇਟਰੀ ਆਫ ਸਟੇਟ, ਡਿਵੀਜਨ ਆਫ ਆਰਕਾਈਵਸ ਐਂਡ ਰਿਕਾਰਡਸ ਮੈਨੇਜਮੈਂਟ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

## ਵਿਸ਼ੇਸ਼ ਸਿੱਖਿਆ ਵਿਵਾਦ ਹੱਲ ਪ੍ਰਕਿਰਿਆਵਾਂ

ਤੁਸੀਂ ਆਪਣੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਦੇ ਸਾਰੇ ਪੱਖਾਂ ਵਿੱਚ ਇੱਕ ਮਹੱਤਵਪੂਰਣ ਹਿੱਸੇਦਾਰ ਹੋ। ਇਹ ਸ਼ਮੂਲੀਅਤ ਤੁਹਾਡੇ ਬੱਚੇ ਦੇ ਅਰੰਭਿਕ ਰੈਫਰਲ ਤੇ ਸ਼ੁਰੂ ਹੁੰਦੀ ਹੈ। ਤੁਹਾਨੂੰ ਅਤੇ ਤੁਹਾਡੇ ਡਿਸਟ੍ਰਿਕਟ ਨੂੰ ਉਹਨਾਂ ਅਸਹਿਮਤੀਆਂ ਦਾ ਨਿਖੇੜਾ ਕਰਨ ਦੀ ਕੋਸ਼ਿਸ਼ ਲਈ ਨਾਲ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜੋ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਪ੍ਰੋਗਰਾਮ ਤੇ ਅਸਰ ਪਾਉਂਦੀਆਂ ਹਨ। ਜਦੋਂ ਤੁਸੀਂ ਅਤੇ ਤੁਹਾਡਾ ਸਕੂਲ ਡਿਸਟ੍ਰਿਕਟ ਅਸਹਿਮਤੀਆਂ ਦਾ ਨਿਖੇੜਾ ਕਰਨ ਦੇ ਯੋਗ ਨਾ ਹੋਵੋ, ਤਾਂ ਹੋਰ ਰਸਮੀ ਵਿਵਾਦ ਹੱਲ ਵਿਕਲਪ ਉਪਲਬਧ ਹਨ। ਇਹ ਵਿਕਲਪ ਵਿਚੋਲਗੀ, ਨਾਗਰਿਕ ਸ਼ਿਕਾਇਤਾਂ ਅਤੇ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਹਨ।

## ਵਿਚੋਲਗੀ
## 34 CFR § 300.506; WAC 392-172A-05060–05075

### ਸਧਾਰਨ

ਵਿਚੋਲਗੀ ਸੇਵਾਵਾਂ ਤੁਹਾਡੇ ਲਈ ਜਾਂ ਡਿਸਟ੍ਰਿਕਟ ਲਈ ਪਛਾਣ, ਮੁਲਾਂਕਣ, ਸਿੱਖਿਆ ਸਬੰਧੀ ਪਲੇਸਮੈਂਟ ਅਤੇ ਤੁਹਾਡੇ ਬੱਚੇ ਲਈ FAPE ਦੇ ਪ੍ਰਬੰਧ ਨਾਲ ਸਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਜਦੋਂ ਵੀ ਕਿਸੇ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਮੰਗ ਕੀਤੀ ਜਾਂਦੀ ਹੈ, ਵਿੱਚ ਮਦਦ ਕਰਨ ਲਈ ਮੁਫ਼ਤ ਉਪਲਬਧ ਹਨ। ਵਿਚੋਲਗੀ ਸਵੈਇੱਛੁਕ ਹੁੰਦੀ ਹੈ ਅਤੇ ਇਸਦੀ ਵਰਤੋਂ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਤੁਹਾਡੇ ਹੱਕ ਨੂੰ ਅਸਵੀਕਾਰ ਕਰਨ ਜਾਂ ਇਸ ਵਿੱਚ ਦੇਰੀ ਕਰਨ ਲਈ ਜਾਂ IDEA ਦੇ ਪਾਰਟ ਬੀ ਦੇ ਅਧੀਨ ਪ੍ਰਦਾਨ ਕੀਤੇ ਗਏ ਕਿਸੇ ਹੋਰ ਹੱਕਾਂ ਨੂੰ ਅਸਵੀਕਾਰ ਕਰਨ ਲਈ ਨਹੀਂ ਕੀਤੀ ਜਾ ਸਕਦੀ। ਵਿਚੋਲਗੀ ਸੈਸ਼ਨ ਇੱਕ ਅਜਿਹੇ ਸਥਾਨ ਤੇ ਸਮੇਂ ਸਿਰ ਤੈਅ ਕੀਤੇ ਜਾਂਦੇ ਹਨ, ਜੋ ਤੁਹਾਡੇ ਲਈ ਅਤੇ ਡਿਸਟ੍ਰਿਕਟ ਦੀ ਸਹੂਲਤ ਮੁਤਾਬਕ ਹੋਣ।

ਸਕੂਲ ਡਿਸਟ੍ਰਿਕਟ ਅਜਿਹੀਆਂ ਪ੍ਰਕਿਰਿਆਵਾਂ ਤਿਆਰ ਕਰ ਸਕਦਾ ਹੈ, ਜੋ ਉਹਨਾਂ ਮਾਪਿਆਂ, ਜੋ ਵਿਚੋਲਗੀ ਪ੍ਰਕਿਰਿਆ ਦੀ ਵਰਤੋਂ ਨਾ ਕਰਨ ਦੀ ਚੋਣ ਕਰਦੇ ਹਨ, ਨੂੰ ਇੱਕ ਅਜਿਹੀ ਨਿਰਪੱਖ ਪਾਰਟੀ ਨਾਲ ਤੁਹਾਡੀ ਸਹੂਲਤ ਮੁਤਾਬਕ ਸਮੇਂ ਅਤੇ ਸਥਾਨ ਤੇ ਮਿਲਣ ਦੇ ਮੌਕੇ ਦੀ ਪੇਸ਼ਕਸ਼ ਕਰਦੀਆਂ ਹਨ:

1. ਜੋ ਇੱਕ ਢੁੱਕਵੀਂ ਵਿਕਲਪਿਕ ਵਿਵਾਦ ਹੱਲ ਸੰਸਥਾ ਦੇ ਨਾਲ ਜਾਂ ਸਟੇਟ ਵਿੱਚ ਇੱਕ ਮਾਪੇ ਟ੍ਰੇਨਿੰਗ ਅਤੇ ਜਾਣਕਾਰੀ ਕੇਂਦਰ ਜਾਂ ਭਾਈਚਾਰਾ ਮਾਪੇ ਵਸੀਲਾ ਕੇਂਦਰ ਦੇ ਨਾਲ ਇਕਰਾਰਨਾਮੇ ਦੇ ਅਧੀਨ ਹੈ; **ਅਤੇ**,
2. ਜੋ ਤੁਹਾਨੂੰ ਵਿਚੋਲਗੀ ਪ੍ਰਕਿਰਿਆ ਦੇ ਫਾਇਦਿਆਂ ਬਾਰੇ ਵਿਸਤਾਰ ਨਾਲ ਦੱਸੇਗਾ ਅਤੇ ਇਸਦੀ ਵਰਤੋਂ ਲਈ ਉਤਸ਼ਾਹਿਤ ਕਰੇਗਾ।

## ਵਿਚੋਲੇ ਦੀ ਨਿਰਪੱਖਤਾ

ਵਿਚੋਲਗੀ ਇੱਕ ਅਜਿਹੇ ਵਿਅਕਤੀ ਵੱਲੋਂ ਕੀਤੀ ਜਾਂਦੀ ਹੈ, ਜੋ ਯੋਗ, ਨਿਰਪੱਖ ਅਤੇ ਅਸਰਦਾਰ ਵਿਚੋਲਗੀ ਤਕਨੀਕਾਂ ਵਿੱਚ ਕੁਸ਼ਲ ਹੋਵੇ। ਉਸ ਵਿਅਕਤੀ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਦੇ ਪ੍ਰਬੰਧ ਨਾਲ ਸਬੰਧਿਤ ਕਨੂੰਨਾਂ ਅਤੇ ਵਿਨਿਯਮਾਂ ਦੀ ਜਾਣਕਾਰੀ ਵੀ ਹੋਣੀ ਲਾਜ਼ਮੀ ਹੈ। OSPI ਵਿਚੋਲਗੀਆਂ ਕਰਨ ਲਈ ਕਿਸੇ ਬਾਹਰਲੀ ਏਜੰਸੀ ਨਾਲ ਇਕਰਾਰ ਕਰਦਾ ਹੈ। ਉਹ ਏਜੰਸੀ ਵਿਚੋਲਿਆਂ ਦੀ ਸੂਚੀ ਸਾਂਭ ਕੇ ਰੱਖਦੀ ਹੈ। ਵਿਚੋਲਿਆਂ ਨੂੰ ਬੇਤਰਤੀਬ, ਵਾਰੀ ਸਿਰ ਜਾਂ ਹੋਰ ਨਿਰਪੱਖ ਆਧਾਰ ਤੇ ਨਿਯੁਕਤ ਕੀਤਾ ਜਾਂਦਾ ਹੈ। ਵਿਚੋਲਾ (1) OSPI, ਕਿਸੇ ਡਿਸਟ੍ਰਿਕਟ ਜਾਂ ਹੋਰ ਸਟੇਟ ਏਜੰਸੀ ਦਾ ਕਰਮਚਾਰੀ ਨਹੀਂ ਹੋ ਸਕਦਾ, ਜੋ ਉਸ ਬੱਚੇ ਨੂੰ ਸਿੱਧੇ ਸੇਵਾਵਾਂ ਮੁਹੱਈਆ ਕਰ ਰਹੀ ਹੈ, ਜੋ ਵਿਚੋਲਗੀ ਪ੍ਰਕਿਰਿਆ ਦੇ ਅਧੀਨ ਹੈ, ਅਤੇ (2) ਉਸਦਾ ਕੋਈ ਨਿੱਜੀ ਜਾਂ ਪੇਸ਼ਾਵਰ ਹਿੱਤ ਦਾ ਵਿਰੋਧ ਨਹੀਂ ਹੋਣਾ ਚਾਹੀਦਾ। ਵਿਚੋਲਗੀ ਸੈਸ਼ਨ ਇੱਕ ਅਜਿਹੇ ਸਥਾਨ ਤੇ ਸਮੇਂ ਸਿਰ ਤੈਅ ਕੀਤੇ ਜਾਂਦੇ ਹਨ, ਜੋ ਤੁਹਾਡੇ ਲਈ ਅਤੇ ਡਿਸਟ੍ਰਿਕਟ ਦੀ ਸਹੂਲਤ ਮੁਤਾਬਕ ਹੋਣ।

## ਵਿਚੋਲਗੀ ਵਿੱਚ ਪਹੁੰਚ ਪ੍ਰਾਪਤ ਇਕਰਾਰਨਾਮੇ

ਜੇਕਰ ਤੁਸੀਂ ਅਤੇ ਡਿਸਟ੍ਰਿਕਟ ਕਿਸੇ ਇਕਰਾਰਨਾਮੇ ਤੇ ਪਹੁੰਚਦੇ ਹੋ, ਤਾਂ ਇਸਦਾ ਇੱਕ ਲਿਖਤ ਵਿਚੋਲਗੀ ਇਕਰਾਰਨਾਮੇ ਵਿੱਚ ਦਸਤਾਵੇਜ਼ ਹੋਣਾ ਲਾਜ਼ਮੀ ਹੈ, ਜਿਸਤੇ ਤੁਹਾਡੇ ਵੱਲੋਂ ਅਤੇ ਕਨੂੰਨੀ ਤੌਰ ਤੇ ਬੱਧ ਇਕਰਾਨਾਮਿਆਂ ਵਿੱਚ ਸ਼ਾਮਲ ਹੋਣ ਲਈ ਅਧਿਕਾਰਤ ਡਿਸਟ੍ਰਿਕਟ ਦੇ ਪ੍ਰਤੀਨਿਧੀ ਵੱਲੋਂ ਹਸਤਾਖਰ ਕੀਤੇ ਗਏ ਹੋਣ। ਵਿਚੋਲਗੀ ਸੈਸ਼ਨਾਂ ਦੇ ਦੌਰਾਨ ਵਿਚਾਰ-ਵਟਾਂਦਰੇ ਗੁਪਤ ਹੁੰਦੇ ਹਨ ਅਤੇ ਇਹਨਾਂ ਨੂੰ ਕਿਸੇ ਵੀ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਜਾਂ ਕਿਸੇ ਫੈਡਰਲ ਕੋਰਟ ਜਾਂ ਵਾਸ਼ਿੰਗਟਨ ਸਟੇਟ ਕੋਰਟ ਦੀਆਂ ਸਿਵਿਲ ਕਾਰਵਾਈਆਂ ਵਿੱਚ ਸਬੂਤ ਦੇ ਤੌਰ ਤੇ ਨਹੀਂ ਵਰਤਿਆ ਜਾ ਸਕਦਾ। ਇਹ ਲਿਖਤ ਇਕਰਾਰਨਾਮੇ ਵਿੱਚ ਦੱਸਿਆ ਜਾਣਾ ਲਾਜ਼ਮੀ ਹੈ। ਹਾਲਾਂਕਿ, ਵਿਚੋਲਗੀ ਇਕਰਾਰਨਾਮਾ ਸਬੂਤ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਵਿਚੋਲਗੀ ਇਕਰਾਰਨਾਮੇ ਕਨੂੰਨੀ ਤੌਰ ਤੇ ਬੱਧ ਹੁੰਦੇ ਹਨ ਅਤੇ ਅਮਰੀਕਾ ਦੀ ਕਿਸੇ ਵੀ ਸਮਰੱਥਾ ਵਾਲੇ ਨਿਆਂ ਖੇਤਰ ਦੀ ਸਟੇਟ ਕੋਰਟ ਵਿੱਚ ਜਾਂ ਕਿਸੇ ਡਿਸਟ੍ਰਿਕਟ ਕੋਰਟ ਵਿੱਚ ਲਾਗੂ ਕਰਨ ਯੋਗ ਹੁੰਦੇ ਹਨ।

## ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤ ਜਾਂਚਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿਚਕਾਰ ਅੰਤਰ

IDEA ਦੇ ਪਾਰਟ ਬੀ ਲਈ ਰੈਗੁਲੇਸ਼ਨਸ ਦੀਆਂ ਸਟੇਟ ਸ਼ਿਕਾਇਤਾਂ (ਨਾਗਰਿਕ ਸ਼ਿਕਾਇਤਾਂ) ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਲਈ ਵੱਖਰੀਆਂ ਪ੍ਰਕਿਰਿਆਵਾਂ ਹਨ। ਨਾਗਰਿਕ ਸ਼ਿਕਾਇਤ ਕਿਸੇ ਵਿਅਕਤੀ ਜਾਂ ਸੰਗਠਨ ਵੱਲੋਂ ਇਹ ਦੋਸ਼ ਲਗਾਉਂਦੇ ਹੋਏ OSPI ਕੋਲ ਫਾਈਲ ਕੀਤੀਆਂ ਜਾ ਸਕਦੀਆਂ ਹਨ ਕਿ ਕਿਸੇ ਸਕੂਲ ਡਿਸਟ੍ਰਿਕਟ, OSPI ਜਾਂ ਕਿਸੇ ਹੋਰ ਸਰਕਾਰੀ ਏਜੰਸੀ ਨੇ ਪਾਰਟ ਬੀ ਦੀ ਸ਼ਰਤ, 34 CFR ਭਾਗ 300 ਵਿੱਚ ਦਿੱਤੇ ਗਏ ਫੈਡਰਲ ਨਿਯਮਾਂ ਜਾਂ IDEA ਦੇ ਪਾਰਟ ਬੀ ਨੂੰ ਲਾਗੂ ਕਰਨ ਵਾਲੇ ਸਟੇਟ ਰੈਗੁਲੇਸ਼ਨਸ ਦੀ ਉਲੰਘਣਾ ਕੀਤੀ ਹੈ। ਨਾਗਰਿਕ ਸ਼ਿਕਾਇਤਾਂ ਦੀ ਜਾਂਚ ਸ਼ਿਕਾਇਤ ਫਾਈਲ ਕਰਨ ਵਾਲੇ ਵਿਅਕਤੀ ਵੱਲੋਂ ਮੁਹੱਈਆ

ਕੀਤੀਆਂ ਉਲੰਘਣਾਵਾਂ ਬਾਰੇ ਜਾਣਕਾਰੀ, ਸਕੂਲ ਡਿਸਟ੍ਰਿਕਟ ਜਾਂ ਹੋਰ ਏਜੰਸੀ ਵੱਲੋਂ ਸ਼ਿਕਾਇਤ ਦੇ ਜਵਾਬ ਦੇ ਆਧਾਰ ਤੇ, OSPI ਵੱਲੋਂ ਕੀਤੀ ਜਾਂਦੀ ਹੈ। ਨਾਗਰਿਕ ਸ਼ਿਕਾਇਤਾਂ ਕਥਿਤ ਉਲੰਘਣਾ ਦੇ ਇੱਕ ਸਾਲ ਦੇ ਅੰਦਰ ਫਾਈਲ ਕੀਤੀਆਂ ਜਾਣੀਆਂ ਲਾਜ਼ਮੀ ਹਨ।

ਮੁਨਾਸਬ ਪ੍ਰਕਿਰਿਆ ਸੁਣਵਾਈਆਂ ਮੰਗਾਂ ਸਿਰਫ ਤੁਹਾਡੇ ਵੱਲੋਂ ਜਾਂ ਤੁਹਾਡੇ ਸਕੂਲ ਡਿਸਟ੍ਰਿਕਟ ਵੱਲੋਂ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ ਜਾਂ ਸਿੱਖਿਆ ਸਬੰਧੀ ਪਲੇਸਮੈਂਟ ਜਾਂ ਤੁਹਾਡੇ ਬੱਚੇ ਲਈ ਇੱਕ ਮੁਫਤ ਢੁੱਕਵੀਂ ਸਰਕਾਰੀ ਸਿੱਖਿਆ (FAPE) ਦੇ ਪ੍ਰਬੰਧ ਸਬੰਧੀ ਕਿਸੇ ਵੀ ਮਾਮਲੇ ਤੇ ਫਾਈਲ ਕੀਤੀਆਂ ਜਾ ਸਕਦੀਆਂ ਹਨ। ਮੁਨਾਸਬ ਪ੍ਰਕਿਰਿਆ ਸੁਣਵਾਈਆਂ ਇੱਕ ਐਡਮਿਨਿਸਟ੍ਰੇਟਿਵ ਲਾੱ ਜੱਜ (ALJ) ਵੱਲੋਂ ਕੀਤੀਆਂ ਜਾਂਦੀਆਂ ਹਨ, ਜਿਸਨੂੰ ਆਫਿਸ ਆਫ ਐਡਮਿਨਿਸਟ੍ਰੇਟਿਵ ਹੀਅਰਿੰਗਸ ਵੱਲੋਂ ਨਿਯੁਕਤ ਕੀਤਾ ਜਾਂਦਾ ਹੈ, ਜੋ ਇੱਕ ਸੁਤੰਤਰ ਸਟੇਟ ਏਜੰਸੀ ਹੈ। ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿੱਚ ਆਮ ਤੌਰ ਤੇ ਗਵਾਹਾਂ ਦੀ ਗਵਾਹੀ ਅਤੇ ਸਬੂਤ ਪੇਸ਼ ਕਰਨਾ ਸ਼ਾਮਲ ਹੁੰਦਾ ਹੈ। ਮੁਨਾਸਬ ਪ੍ਰਕਿਰਿਆ ਸੁਣਵਾਈ ਦੀਆਂ ਮੰਗਾਂ ਕਥਿਤ ਉਲੰਘਣਾ ਦੇ ਦੋ ਸਾਲਾਂ ਦੇ ਅੰਦਰ ਫਾਈਲ ਕੀਤੀਆਂ ਜਾਣੀਆਂ ਲਾਜ਼ਮੀ ਹਨ (ਗ਼ਲਤ ਬਿਆਨੀ ਜਾਂ ਰੋਕ ਕੇ ਰੱਖਣ ਵਾਲੀ ਜਾਣਕਾਰੀ ਲਈ ਕੁਝ ਛੋਟਾਂ ਨਾਲ)।

ਨਾਗਰਿਕ ਸ਼ਿਕਾਇਤਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਲਈ ਸਮਾਂ ਸੀਮਾਵਾਂ ਅਤੇ ਪ੍ਰਕਿਰਿਆਵਾਂ ਬਾਰੇ ਹੇਠਾਂ ਵਿਸਤਾਰ ਨਾਲ ਦੱਸਿਆ ਗਿਆ ਹੈ।

## ਨਾਗਰਿਕ ਸ਼ਿਕਾਇਤ ਪ੍ਰਕਿਰਿਆਵਾਂ

## 34 CFR §§300.151 – 300.153; WAC 392-172A-05025–05045

OSPI ਦੀਆਂ ਸਟੇਟ ਸ਼ਿਕਾਇਤਾਂ ਨੂੰ ਹੱਲ ਕਰਨ ਦੀਆਂ ਪ੍ਰਕਿਰਿਆਵਾਂ ਹਨ। ਪ੍ਰਕਿਰਿਆਵਾਂ ਸਟੇਟ ਰੈਗੂਲੇਸ਼ਨਸ ਵਿੱਚ ਦਿੱਤੀਆਂ ਗਈਆਂ ਹਨ ਅਤੇ ਸਟੇਟ ਸ਼ਿਕਾਇਤਾਂ ਦੇ ਸਬੰਧ ਵਿੱਚ ਅਤੇ ਜਾਣਕਾਰੀ ਵੈਬਸਾਈਟ ਤੇ ਸਾਂਝੀ ਜਾਂਦੀ ਹੈ।

ਜੇਕਰ ਤੁਸੀਂ, ਕੋਈ ਵਿਅਕਤੀ ਜਾਂ ਸੰਗਠਨ ਇਹ ਮੰਨਦਾ ਹੈ ਕਿ ਡਿਸਟ੍ਰਿਕਟ, OSPI ਜਾਂ IDEA ਵੱਲੋਂ ਸੰਚਾਲਿਤ ਕਿਸੇ ਹੋਰ ਸਿੱਖਿਆ ਸਬੰਧੀ ਸੰਸਥਾ ਨੇ IDEA ਦੇ ਪਾਰਟ ਬੀ, ਪਾਰਟ ਬੀ ਨੂੰ ਲਾਗੂ ਕਰਨ ਵਾਲੇ ਰੈਗੂਲੇਸ਼ਨਸ ਜਾਂ ਸਬੰਧਿਤ ਸਟੇਟ ਰੈਗੂਲੇਸ਼ਨਸ ਦੀ ਉਲੰਘਣਾ ਕੀਤੀ ਹੈ, ਤਾਂ ਤੁਸੀਂ Office of Superintendent of Public Instruction (OSPI), Special Education, PO Box 47200, Olympia, WA 98504-7200 ਵਿਖੇ ਇੱਕ ਲਿਖਤ ਸ਼ਿਕਾਇਤ ਫਾਈਲ ਕਰ ਸਕਦੇ ਹੋ। ਤੁਹਾਡੇ ਲਈ ਡਿਸਟ੍ਰਿਕਟ ਨੂੰ ਜਾਂ ਹੋਰ ਏਜੰਸੀ ਨੂੰ ਸ਼ਿਕਾਇਤ ਦੀ ਇੱਕ ਕਾਪੀ ਮੁਹੱਈਆ ਕਰਨਾ ਲਾਜ਼ਮੀ ਹੈ, ਜਿਸਦੇ ਵਿਰੁੱਧ ਤੁਸੀਂ ਸ਼ਿਕਾਇਤ ਕਰ ਰਹੇ ਹੋ।

### ਇੱਕ ਸ਼ਿਕਾਇਤ ਫਾਈਲ ਕਰਨਾ

ਸ਼ਿਕਾਇਤ ਤੇ ਤੁਹਾਡੇ ਵੱਲੋਂ ਜਾਂ ਸ਼ਿਕਾਇਤ ਕਰਨ ਵਾਲੇ ਵਿਅਕਤੀ ਜਾਂ ਸੰਗਠਨ ਵੱਲੋਂ ਹਸਤਾਖਰ ਕੀਤੇ ਜਾਣੇ ਲਾਜ਼ਮੀ ਹਨ ਅਤੇ ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ:

- ਇੱਕ ਬਿਆਨ ਕਿ ਕਿਸੇ ਡਿਸਟ੍ਰਿਕਟ ਜਾਂ ਹੋਰ ਏਜੰਸੀ ਨੇ IDEA ਦੇ ਪਾਰਟ ਬੀ ਦੀ ਸ਼ਰਤ, ਪਾਰਟ ਬੀ ਨੂੰ ਲਾਗੂ ਕਰਨ ਵਾਲੇ ਰੈਗੂਲੇਸ਼ਨਸ ਜਾਂ ਸਬੰਧਿਤ ਸਟੇਟ ਰੈਗੂਲੇਸ਼ਨਸ ਦੀ ਉਲੰਘਣਾ ਕੀਤੀ ਹੈ ਜਾਂ ਇੱਕ ਬਿਆਨ ਕਿ ਕਿਸੇ ਡਿਸਟ੍ਰਿਕਟ ਜਾਂ ਹੋਰ ਏਜੰਸੀ ਇੱਕ ਵਿਚੋਲਗੀ ਜਾਂ ਹੱਲ ਇਕਰਾਰਨਾਮੇ ਨੂੰ ਲਾਗੂ ਨਹੀਂ ਕਰ ਰਹੀ ਹੈ;
- ਡਿਸਟ੍ਰਿਕਟ ਜਾਂ ਹੋਰ ਏਜੰਸੀ ਦਾ ਨਾਮ ਅਤੇ ਪਤਾ;
- ਵਿਦਿਆਰਥੀ ਦਾ ਨਾਮ, ਜੇਕਰ ਸ਼ਿਕਾਇਤ ਕਿਸੇ ਵਿਦਿਆਰਥੀ ਲਈ ਵਿਸ਼ੇਸ਼ ਹੈ ਅਤੇ ਸੰਪਰਕ ਜਾਣਕਾਰੀ, ਜੇਕਰ ਵਿਦਿਆਰਥੀ ਬੇਘਰਾ ਹੈ;
- ਖ਼ਾਸ ਤੱਥਾਂ ਦੇ ਨਾਲ ਸਮੱਸਿਆ ਦਾ ਵਰਣਨ;
- ਤੁਹਾਡੇ ਵੱਲੋਂ ਸ਼ਿਕਾਇਤ ਫਾਈਲ ਕਰਨ ਦੇ ਸਮੇਂ ਤੁਹਾਨੂੰ ਗਿਆਤ ਅਤੇ ਤੁਹਾਡੇ ਲਈ ਉਪਲਬਧ ਇਸ ਜਾਣਕਾਰੀ ਦੀ ਸੀਮਾ ਤੱਕ ਸਮੱਸਿਆ ਦਾ ਇੱਕ ਪ੍ਰਸਤਾਵਿਤ ਹੱਲ; **<u>ਅਤੇ</u>**,
- ਤੁਹਾਡਾ ਨਾਮ, ਪਤਾ ਅਤੇ ਟੈਲੀਫੋਨ ਨੰਬਰ।

ਉਲੰਘਣਾ ਸ਼ਿਕਾਇਤ ਪ੍ਰਾਪਤ ਹੋਣ ਦੀ ਤਾਰੀਖ ਤੋਂ <u>ਇੱਕ ਸਾਲ</u> ਤੋਂ ਵੱਧ ਸਮੇਂ ਪਹਿਲਾਂ ਨਹੀਂ ਹੋਈ ਹੋਣੀ ਚਾਹੀਦੀ।

OSPI ਇੱਕ ਵਿਕਲਪਿਕ ਫਾਰਮ ਤਿਆਰ ਕੀਤਾ ਹੈ, ਜਿਸਦੀ ਵਰਤੋਂ ਤੁਸੀਂ ਇੱਕ ਸ਼ਿਕਾਇਤ ਫਾਈਲ ਕਰਨ ਲਈ ਕਰ ਸਕਦੇ ਹੋ। ਇਹ ਫਾਰਮ OSPI ਦੇ ਵਿਸ਼ੇਸ਼ ਸਿੱਖਿਆ ਵੈਬ ਪੰਨੇ ਤੇ ਉਪਲਬਧ ਹੈ। ਤੁਹਾਨੂੰ ਇਹ ਫਾਰਮ ਵਰਤਣ ਦੀ ਲੋੜ ਨਹੀਂ ਹੈ।

**<u>ਸ਼ਿਕਾਇਤ ਜਾਂਚਾਂ</u>**

OSPI ਲਈ ਸ਼ਿਕਾਇਤ ਪ੍ਰਾਪਤ ਕਰਨ ਦੇ ਬਾਅਦ 60 ਦਿਨਾਂ ਦੇ ਅੰਦਰ ਜਾਂਚ ਕਰਨੀ ਅਤੇ ਇੱਕ ਲਿਖਤ ਫੈਸਲਾ ਜਾਰੀ ਕਰਨਾ ਲਾਜ਼ਮੀ ਹੈ, ਜਦੋਂ ਤੱਕ ਕਿ ਸਮੇਂ ਦੇ ਵਿਸਤਾਰ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ। 60 ਦਿਨਾਂ ਦੇ ਦੌਰਾਨ, OSPI (1) ਡਿਸਟ੍ਰਿਕਟ ਤੋਂ ਸ਼ਿਕਾਇਤ ਦੇ ਇੱਕ ਜਵਾਬ ਦੀ ਮੰਗ ਕਰਦਾ ਹੈ; (2) ਤੁਹਾਨੂੰ ਜਾਂ ਸ਼ਿਕਾਇਤਕਰਤਾ ਨੂੰ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ਾਂ ਬਾਰੇ ਵਾਧੂ ਜਾਣਕਾਰੀ ਪੇਸ਼ ਕਰਨ ਦਾ ਮੌਕਾ ਦਿੰਦਾ ਹੈ; (3) ਇੱਕ ਸੁਤੰਤਰ ਆਨ-ਸਾਈਟ ਜਾਂਚ ਕਰ ਸਕਦਾ ਹੈ, ਜੇਕਰ OSPI ਨਿਰਧਾਰਤ ਕਰਦਾ ਹੈ ਕਿ ਇਹ ਜ਼ਰੂਰੀ ਹੈ; ਅਤੇ (4) ਸਾਰੀ ਸਬੰਧਿਤ ਜਾਣਕਾਰੀ ਦੀ ਸਮੀਖਿਆ ਕਰਦਾ ਹੈ ਅਤੇ ਇਸ ਸਬੰਧ ਵਿੱਚ ਇੱਕ ਸੁਤੰਤਰ ਫੈਸਲਾ ਲੈਂਦਾ ਹੈ ਕਿ ਡਿਸਟ੍ਰਿਕਟ ਜਾਂ ਹੋਰ ਏਜੰਸੀ IDEA ਦੇ ਪਾਰਟ ਬੀ ਸਬੰਧੀ ਸ਼ਰਤ ਦੀ ਉਲੰਘਣਾ ਕਰਨ ਰਹੀ ਹੈ ਜਾਂ ਨਹੀਂ।

**<u>ਜਾਂਚ, ਵਿਸਤਾਰ, ਲਿਖਤ ਫੈਸਲਾ</u>**

60 ਕੈਲੰਡਰ-ਦਿਨਾਂ ਦੀ ਸਮਾਂ ਸੀਮਾ ਦਾ ਵਿਸਤਾਰ ਸਿਰਫ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ: (1) ਕਿਸੇ ਖ਼ਾਸ ਸ਼ਿਕਾਇਤ ਦੇ ਸਬੰਧ ਵਿੱਚ ਅਸਧਾਰਨ ਸਥਿਤੀਆਂ ਮੌਜੂਦ ਹੋਣ; **ਜਾਂ**, (2) ਤੁਸੀਂ ਅਤੇ ਸਕੂਲ ਡਿਸਟ੍ਰਿਕਟ ਵਿਵਾਦ ਦਾ ਨਿਖੇੜਾ ਕਰਨ ਲਈ ਵਿਚੋਲਗੀ ਜਾਂ ਹੋਰ ਵਿਧੀਆਂ ਰਾਹੀਂ ਸ਼ਿਕਾਇਤ ਦਾ ਨਿਖੇੜਾ ਕਰਨ ਲਈ ਸਮਾਂ ਵਧਾਉਣ ਲਈ ਸਵੈਇੱਛੁਕ ਰੂਪ ਨਾਲ ਲਿਖਤ ਵਿੱਚ ਸਹਿਮਤੀ ਦਿੰਦੇ ਹੋ।

ਇੱਕ ਲਿਖਤ ਫੈਸਲਾ ਤੁਹਾਨੂੰ ਜਾਂ ਸ਼ਿਕਾਇਤ ਕਰਨ ਵਾਲੇ ਵਿਅਕਤੀ ਨੂੰ ਜਾਂ ਸਕੂਲ ਡਿਸਟ੍ਰਿਕਟ ਨੂੰ ਭੇਜਿਆ ਜਾਂਦਾ ਹੈ। ਲਿਖਤ ਫੈਸਲੇ ਵਿੱਚ ਹਰੇਕ ਦੋਸ਼ ਤੇ ਧਿਆਨ ਦਿੱਤਾ ਜਾਏਗਾ। ਹਰੇਕ ਦੋਸ਼ ਲਈ, ਲਿਖਤ ਫੈਸਲੇ ਵਿੱਚ ਤੱਥ ਦੇ ਨਤੀਜਿਆਂ, ਸਿੱਟਿਆਂ, ਫੈਸਲੇ ਦੇ ਕਾਰਨਾਂ ਅਤੇ ਸ਼ਿਕਾਇਤ ਦਾ ਨਿਖੇੜਾ ਕਰਨ ਲਈ ਜ਼ਰੂਰੀ ਮੰਨੇ ਗਏ ਕਿਸੇ ਵੀ ਉਚਿਤ ਸੋਧਕ ਉਪਾਵਾਂ ਬਾਰੇ ਦੱਸਿਆ ਜਾਏਗਾ, ਜੇਕਰ ਉਲੰਘਣਾ ਹੋਈ ਹੈ।

## ਸ਼ਿਕਾਇਤ ਉਪਰਾਲੇ

ਜਦੋਂ OSPI ਆਪਣੀ ਸ਼ਿਕਾਇਤ ਪ੍ਰਕਿਰਿਆ ਰਾਹੀਂ ਕਿਸੇ ਉਲੰਘਣਾ ਜਾਂ ਢੁੱਕਵੀਆਂ ਸੇਵਾਵਾਂ ਮੁਹੱਈਆ ਕਰਨ ਵਿੱਚ ਅਸਫਲਤਾ ਦਾ ਪਤਾ ਚੱਲਦਾ ਹੈ, ਤਾਂ ਫੈਸਲੇ ਵਿੱਚ ਇਹਨਾਂ ਤੇ ਧਿਆਨ ਦਿੱਤਾ ਜਾਂਦਾ ਹੈ:

1. ਉਹਨਾਂ ਸੇਵਾਵਾਂ ਦੀ ਨਾਮਨਜ਼ੂਰੀ ਨੂੰ ਠੀਕ ਕਿਵੇਂ ਕੀਤਾ ਜਾਏ, ਉਹਨਾਂ ਸਮੇਤ ਜਿਵੇਂ ਢੁੱਕਵਾਂ ਹੋਵੇ, ਆਰਥਿਕ ਭਰੌਤੀ ਕਿਵੇਂ ਕੀਤੀ ਜਾਏ ਜਾਂ ਵਿਦਿਆਰਥੀ (ਵਿਦਿਆਰਥੀਆਂ) ਦੀਆਂ ਲੋੜਾਂ ਦੇ ਮੁਤਾਬਕ ਹੋਰ ਸੋਧਕ ਕਾਰਵਾਈ ਕਿਵੇਂ ਕੀਤੀ ਜਾਏ; **ਅਤੇ**,
2. ਸਾਰੇ ਵਿਦਿਆਰਥੀਆਂ ਲਈ ਵਿਸ਼ੇਸ਼ ਸਿੱਖਿਆ ਸੇਵਾਵਾਂ ਦਾ ਢੁੱਕਵਾਂ ਭਵਿੱਖੀ ਪ੍ਰਬੰਧ।

## ਵਿਸ਼ੇਸ਼ ਸਿੱਖਿਆ ਨਾਗਰਿਕ ਸ਼ਿਕਾਇਤਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ

ਜੇਕਰ ਕੋਈ ਅਜਿਹੀ ਨਾਗਰਿਕ ਸ਼ਿਕਾਇਤ ਪ੍ਰਾਪਤ ਕੀਤੀ ਜਾਂਦੀ ਹੈ, ਜੋ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਵੀ ਅਧੀਨ ਹੈ ਜਾਂ ਸ਼ਿਕਾਇਤ ਵਿੱਚ ਇੱਕ ਤੋਂ ਵੱਧ ਮੁੱਦੇ ਹਨ ਅਤੇ ਉਹਨਾਂ ਮੁੱਦਿਆਂ ਵਿੱਚੋਂ ਇੱਕ ਜਾਂ ਵੱਧ ਮੁਨਾਸਬ ਪ੍ਰਕਿਰਿਆ ਸੁਣਵਾਈ ਦਾ ਹਿੱਸਾ ਹਨ, ਤਾਂ OSPI ਲਈ ਸ਼ਿਕਾਇਤ ਦੇ ਕਿਸੇ ਵੀ ਭਾਗ ਨੂੰ ਰੱਦ ਕਰਨਾ (ਜਾਂਚ ਨਹੀਂ ਕਰਨਾ) ਲਾਜ਼ਮੀ ਹੈ, ਜਿਸਨੂੰ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਤਵੱਜੋ ਦਿੱਤੀ ਜਾ ਰਹੀ ਹੈ, ਜਦੋਂ ਤੱਕ ਕਿ ਸੁਣਵਾਈ ਖ਼ਤਮ ਨਹੀਂ ਹੋ ਜਾਂਦੀ। ਸ਼ਿਕਾਇਤ ਵਿੱਚ ਕੋਈ ਵੀ ਮੁੱਦਾ, ਜੋ ਮੁਨਾਸਬ ਪ੍ਰਕਿਰਿਆ ਕਾਰਵਾਈ ਦਾ ਹਿੱਸਾ ਨਹੀਂ ਹੈ, ਸ਼ਿਕਾਇਤ ਦੀ ਸਮਾਂ ਸੀਮਾ ਦੇ ਅੰਦਰ ਹੱਲ ਕੀਤਾ ਜਾਣਾ ਲਾਜ਼ਮੀ ਹੈ।

ਜੇਕਰ ਕਿਸੇ ਸ਼ਿਕਾਇਤ ਵਿੱਚ ਚੁੱਕੇ ਗਏ ਕਿਸੇ ਵੀ ਮੁੱਦੇ ਬਾਰੇ ਇੱਕੋ ਪਾਰਟੀਆਂ ਦੀ ਸ਼ਮੂਲੀਅਤ ਵਿੱਚ ਪਹਿਲਾਂ ਕਿਸੇ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਫੈਸਲਾ ਲਿਆ ਗਿਆ ਹੈ, ਤਾਂ ਸੁਣਵਾਈ ਫੈਸਲਾ ਬੱਧ ਹੁੰਦਾ ਹੈ ਅਤੇ OSPI ਲਈ ਸ਼ਿਕਾਇਤਕਰਤਾ ਨੂੰ ਸੂਚਿਤ ਕਰਨਾ ਲਾਜ਼ਮੀ ਹੈ ਕਿ ਉਹ ਉਸ ਮੁੱਦੇ ਦੀ ਜਾਂਚ ਨਹੀਂ ਕਰ ਸਕਦਾ।

OSPI ਲਈ ਉਸ ਦੋਸ਼ ਵਾਲੀ ਸ਼ਿਕਾਇਤ ਦਾ ਨਿਖੇੜਾ ਕਰਨਾ ਲਾਜ਼ਮੀ ਹੈ ਕਿ ਕੋਈ ਡਿਸਟ੍ਰਿਕਟ ਇੱਕ ਮੁਨਾਸਬ ਪ੍ਰਕਿਰਿਆ ਫੈਸਲੇ ਨੂੰ ਲਾਗੂ ਕਰਨ ਵਿੱਚ ਅਸਫਲ ਰਿਹਾ ਹੈ।

## ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ
## 34 CFR §§300.507 – 300.513; WAC 392-172A-05080–05125

### ਸਧਾਰਨ

ਤੁਸੀਂ ਜਾਂ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਦੀ ਪਛਾਣ, ਮੁਲਾਂਕਣ ਜਾਂ ਸਿੱਖਿਆ ਸਬੰਧੀ ਪਲੇਸਮੈਂਟ ਜਾਂ ਤੁਹਾਡੇ ਬੱਚੇ ਲਈ ਇੱਕ FAPE ਦੇ ਪ੍ਰਬੰਧ ਸਬੰਧੀ ਕਿਸੇ ਵੀ ਮਾਮਲੇ ਤੇ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰ ਸਕਦੇ ਹੋ। ਡਿਸਟ੍ਰਿਕਟ ਲਈ ਤੁਹਾਨੂੰ ਉਸ ਖੇਤਰ ਵਿੱਚ ਉਪਲਬਧ ਕਿਸੇ ਵੀ ਮੁਫਤ ਜਾਂ ਘੱਟ-ਖਰਚ ਵਾਲੀਆਂ ਕਨੂੰਨੀ ਜਾਂ ਹੋਰ ਸਬੰਧਿਤ ਸੇਵਾਵਾਂ ਬਾਰੇ ਸੂਚਿਤ ਕਰਨਾ ਲਾਜ਼ਮੀ ਹੈ, ਜਦੋਂ ਇੱਕ ਮੁਨਾਸਬ ਪ੍ਰਕਿਰਿਆ ਮੰਗ ਫਾਈਲ ਕੀਤੀ ਜਾਂਦੀ ਹੈ ਜਾਂ ਜਦੋਂ ਤੁਸੀਂ ਇਸ ਜਾਣਕਾਰੀ ਦੀ ਮੰਗ ਕਰਦੇ ਹੋ। ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ ਲਈ, "ਤੁਸੀਂ", ਤੁਹਾਡੇ ਵਕੀਲ ਸਮੇਤ, ਜੇਕਰ ਤੁਸੀਂ ਕੋਈ ਰੱਖਿਆ ਹੋਇਆ ਹੈ ਅਤੇ "ਡਿਸਟ੍ਰਿਕਟ", ਡਿਸਟ੍ਰਿਕਟ ਦੇ ਵਕੀਲ ਸਮੇਤ, ਜੇਕਰ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਿਸੇ ਵਕੀਲ ਵੱਲੋਂ ਕੀਤੀ ਜਾਂਦੀ ਹੈ।

### ਫਾਈਲ ਕਰਨਾ

ਇੱਕ ਸੁਣਵਾਈ ਦੀ ਮੰਗ ਕਰਨ ਲਈ, ਤੁਹਾਨੂੰ ਜਾਂ ਡਿਸਟ੍ਰਿਕਟ ਨੂੰ ਹੋਰ ਪਾਰਟੀ ਨੂੰ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਪੇਸ਼ ਕਰਨੀ ਪਵੇਗੀ। ਉਸ ਮੰਗ ਵਿੱਚ ਹੇਠਾਂ ਸੂਚੀਬੱਧ ਸਾਰੀ ਸਮੱਗਰੀ ਹੋਣੀ ਲਾਜ਼ਮੀ ਹੈ ਅਤੇ ਇਸਨੂੰ ਗੁਪਤ ਰੱਖਿਆ ਜਾਣਾ ਜ਼ਰੂਰੀ ਹੈ।

ਤੁਹਾਡੇ ਜਾਂ ਡਿਸਟ੍ਰਿਕਟ, ਜਿਸਨੇ ਵੀ ਮੰਗ ਫਾਈਲ ਕੀਤੀ ਹੈ, ਲਈ OSPI, ਐਡਮਿਨਿਸਟ੍ਰੇਟਿਵ ਰਿਸੋਰਸਿਜ ਸਰਵਿਸਿਜ ਨੂੰ ਇਸ ਪਤੇ ਤੇ ਸੁਣਵਾਈ ਮੰਗ ਦੀ ਇੱਕ ਕਾਪੀ ਮੁਹੱਈਆ ਕਰਨੀ ਵੀ ਲਾਜ਼ਮੀ ਹੈ:

Office of Superintendent of Public Instruction
Administrative Resource Services
Old Capitol Building
PO Box 47200
Olympia, WA  98504-7200
ਫੈਕਸ: 360-753-4201

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:

1. ਵਿਦਿਆਰਥੀ ਦਾ ਨਾਮ;
2. ਵਿਦਿਆਰਥੀ ਦੇ ਨਿਵਾਸ ਸਥਾਨ ਦਾ ਪਤਾ;
3. ਵਿਦਿਆਰਥੀ ਦੇ ਸਕੂਲ ਦਾ ਨਾਮ;
4. ਜੇਕਰ ਵਿਦਿਆਰਥੀ ਇੱਕ ਬੇਘਰਾ ਬੱਚਾ ਜਾਂ ਜਵਾਨ ਹੈ, ਤਾਂ ਵਿਦਿਆਰਥੀ ਦੀ ਸੰਪਰਕ ਜਾਣਕਾਰੀ;
5. ਸਮੱਸਿਆ ਦੇ ਪ੍ਰਕਾਰ ਦਾ ਵਰਣਨ, ਸਮੱਸਿਆ ਨਾਲ ਸਬੰਧਿਤ ਤੱਥਾਂ ਸਮੇਤ; **ਅਤੇ**,
6. ਕਿਸੇ ਵੀ ਸਮੇਂ ਤੁਹਾਨੂੰ ਜਾਂ ਡਿਸਟ੍ਰਿਕਟ ਨੂੰ ਗਿਆਤ ਅਤੇ ਤੁਹਾਡੇ ਲਈ ਉਪਲਬਧ ਇਸ ਜਾਣਕਾਰੀ ਦੀ ਸੀਮਾ ਤੱਕ ਸਮੱਸਿਆ ਦਾ ਇੱਕ ਪ੍ਰਸਤਾਵਿਤ ਹੱਲ।

## ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਤੇ ਸੁਣਵਾਈ ਤੋਂ ਪਹਿਲਾਂ ਲੋੜੀਂਦਾ ਨੋਟਿਸ

ਜਦੋਂ ਤੱਕ ਤੁਸੀਂ ਜਾਂ ਡਿਸਟ੍ਰਿਕਟ ਹੋਰ ਪਾਰਟੀ ਕੋਲ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਨਹੀਂ ਕਰਦੇ ਅਤੇ OSPI ਨੂੰ ਮੰਗ ਦੀ ਇੱਕ ਕਾਪੀ ਮੁਹੱਈਆ ਨਹੀਂ ਕਰਦੇ, ਜਿਸ ਵਿੱਚ ਉੱਪਰ ਸੂਚੀਬੱਧ ਜਾਣਕਾਰੀ ਸ਼ਾਮਲ ਹੋਵੇ, ਉਦੋਂ ਤੱਕ ਤੁਸੀਂ ਜਾਂ ਡਿਸਟ੍ਰਿਕਟ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਾਪਤ ਨਹੀਂ ਕਰ ਸਕਦੇ।

## ਸੁਣਵਾਈ ਮੰਗ ਦੀ ਉਪਯੁਕਤਤਾ

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦੇ ਅੱਗੇ ਵਧਣ ਲਈ, ਇਸਨੂੰ ਉਪਯੁਕਤ ਮੰਨਿਆ ਜਾਣਾ ਲਾਜ਼ਮੀ ਹੈ। *ਉਪਯੁਕਤ* ਦਾ ਭਾਵ ਹੈ ਕਿ ਮੰਗ ***ਫਾਈਲ ਕਰਨਾ*** ਦੇ ਅਧੀਨ ਉੱਪਰ ਧਿਆਨ ਦਿੱਤੀਆਂ ਸਮੱਗਰੀ ਸ਼ਰਤਾਂ ਨੂੰ ਪੂਰਾ ਕਰਦੀ ਹੈ। ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਨੂੰ ਉਪਯੁਕਤ ਮੰਨਿਆ ਜਾਏਗਾ ਜਦੋਂ ਤੱਕ ਪਾਰਟੀ, ਜਿਸਨੇ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਪ੍ਰਾਪਤ ਕੀਤੀ ਹੈ, 15 ਕੈਲੰਡਰ ਦਿਨਾਂ ਦੇ ਅੰਦਰ, ਲਿਖਤ ਵਿੱਚ ALJ ਨੂੰ ਜਾਂ ਹੋਰ ਪਾਰਟੀ ਨੂੰ ਸੂਚਿਤ ਕਰਦੀ ਹੈ ਕਿ ਪ੍ਰਾਪਤਕਰਤਾ ਪਾਰਟੀ ਮੰਨਦੀ ਹੈ ਕਿ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਉਪਯੁਕਤ ਨਹੀਂ ਹੈ।

ਉਪਯੁਕਤ ਨਾ ਹੋਣ ਦੀ ਸੂਚਨਾ ਪ੍ਰਾਪਤ ਕਰਨ ਦੇ ਪੰਜ ਕੈਲੰਡਰ ਦਿਨਾਂ ਦੇ ਅੰਦਰ, ALJ ਲਈ ਇਹ ਫੈਸਲਾ ਕਰਨਾ ਲਾਜ਼ਮੀ ਹੁੰਦਾ ਹੈ ਕਿ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਉੱਪਰ ਸੂਚੀਬੱਧ ਸ਼ਰਤਾਂ ਨੂੰ ਪੂਰਾ ਕਰਦੀ ਹੈ ਅਤੇ ਤੁਰੰਤ ਤੁਹਾਨੂੰ ਅਤੇ ਡਿਸਟ੍ਰਿਕਟ ਨੂੰ ਲਿਖਤ ਵਿੱਚ ਸੂਚਿਤ ਕਰਨਾ ਹੁੰਦਾ ਹੈ।

## ਸੁਣਵਾਈ ਮੰਗ ਦਾ ਸੋਧ

ਤੁਸੀਂ ਜਾਂ ਡਿਸਟ੍ਰਿਕਟ ਸੁਣਵਾਈ ਮੰਗ ਵਿੱਚ ਸਿਰਫ ਤਾਂ ਹੀ ਤਬਦੀਲੀਆਂ ਕਰ ਸਕਦੇ ਹੋ ਜੇਕਰ:

1. ਹੋਰ ਪਾਰਟੀ ਤਬਦੀਲੀਆਂ ਨੂੰ ਲਿਖਤ ਵਿੱਚ ਮਨਜ਼ੂਰ ਕਰਦੀ ਹੈ ਅਤੇ ਇੱਕ ਹੱਲ ਮੀਟਿੰਗ ਰਾਹੀਂ ਸੁਣਵਾਈ ਮੰਗ ਦਾ ਨਿਖੇੜਾ ਕਰਨ ਦਾ ਮੌਕਾ ਦਿੰਦੀ ਹੈ (ਜੇਕਰ ਤੁਸੀਂ, ਮਾਪਿਆਂ ਨੇ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਮੰਗ ਕੀਤੀ ਹੈ), ਇਸਦਾ ਵਰਣਨ ਹੇਠਾਂ ਕੀਤਾ ਗਿਆ ਹੈ; **ਜਾਂ**,
2. ਮੁਨਾਸਬ ਪ੍ਰਕਿਰਿਆ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਪੰਜ ਦਿਨਾਂ ਦੇ ਅੰਦਰ, ਸੁਣਵਾਈ ਅਫਸਰ ਤਬਦੀਲੀਆਂ ਲਈ ਇਜਾਜ਼ਤ ਦਿੰਦਾ ਹੈ।

ਜੇਕਰ ਤੁਸੀਂ ਸੁਣਵਾਈ ਦੀ ਮੰਗ ਕਰਨ ਵਾਲੀ ਪਾਰਟੀ ਹੋ ਅਤੇ ਤੁਸੀਂ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਤਬਦੀਲੀਆਂ ਕਰਦੇ ਹੋ, ਤਾਂ ਹੱਲ ਮੀਟਿੰਗ ਲਈ ਸਮਾਂ ਸੀਮਾਵਾਂ ਅਤੇ ਹੱਲ ਲਈ ਸਮਾਂ ਮਿਆਦ (ਦੇਖੋ: ***ਹੱਲ ਪ੍ਰਕਿਰਿਆ***) ਦੁਬਾਰਾ ਉਸ ਤਾਰੀਖ ਨੂੰ ਸ਼ੁਰੂ ਹੁੰਦੀ ਹੈ, ਜਦੋਂ ਸੰਸ਼ੋਧਿਤ ਮੰਗ ਫਾਈਲ ਕੀਤੀ ਜਾਂਦੀ ਹੈ ਜਾਂ ਉਸ ਤਾਰੀਖ ਨੂੰ ਜਦੋਂ ALJ ਮੰਗ ਨੂੰ ਮਨਜ਼ੂਰੀ ਦਿੰਦਾ ਹੈ।

## ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਡਿਸਟ੍ਰਿਕਟ ਦਾ ਜਵਾਬ

ਜੇਕਰ ਡਿਸਟ੍ਰਿਕਟ ਨੇ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਦਿੱਤੀ ਗਈ ਵਿਸ਼ਾ ਵਸਤੂ ਦੇ ਸਬੰਧ ਵਿੱਚ ਇੱਕ ਪੂਰਵ ਲਿਖਤ ਨੋਟਿਸ ਨਹੀਂ ਭੇਜਿਆ ਹੈ, ਜਿਵੇਂ ਕਿ ***ਪੂਰਵ ਲਿਖਤ ਨੋਟਿਸ*** ਸਿਰਲੇਖ ਦੇ ਅਧੀਨ ਵਰਣਨ ਕੀਤਾ ਗਿਆ ਹੈ, ਤਾਂ ਡਿਸਟ੍ਰਿਕਟ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਪ੍ਰਾਪਤ ਕਰਨ ਦੇ 10 ਕੈਲੰਡਰ ਦਿਨਾਂ ਦੇ ਅੰਦਰ, ਤੁਹਾਨੂੰ ਇੱਕ ਜਵਾਬ ਭੇਜਣਾ ਲਾਜ਼ਮੀ ਹੈ, ਜਿਸ ਵਿੱਚ ਸ਼ਾਮਲ ਹੈ:

1. ਇੱਕ ਸਪਸ਼ਟੀਕਰਨ ਕਿ ਡਿਸਟ੍ਰਿਕਟ ਨੇ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਜ਼ਾਹਰ ਕੀਤੀ ਗਈ ਕਾਰਵਾਈ ਕਰਨ ਦਾ ਪ੍ਰਸਤਾਵ ਕਿਉਂ ਰੱਖਿਆ ਹੈ ਜਾਂ ਇਸਲਈ ਇਨਕਾਰ ਕਿਉਂ ਕੀਤਾ ਹੈ;
2. ਤੁਹਾਡੇ ਬੱਚੇ ਦੀ IEP ਟੀਮ ਵੱਲੋਂ ਵਿਚਾਰ ਕੀਤੇ ਗਏ ਹੋਰ ਵਿਕਲਪਾਂ ਦਾ ਵਰਣਨ ਅਤੇ ਉਹਨਾਂ ਕਾਰਨਾਂ ਦਾ ਵਰਣਨ ਕਿ ਉਹ ਵਿਕਲਪ ਨਾਮਨਜ਼ੂਰ ਕਿਉਂ ਕੀਤੇ ਗਏ ਸਨ;
3. ਹਰੇਕ ਮੁਲਾਂਕਣ ਪ੍ਰਕਿਰਿਆ, ਮੁਲਾਂਕਣ ਰਿਕਾਰਡ ਜਾਂ ਰਿਪੋਰਟ ਦਾ ਵਰਣਨ, ਜਿਸਦੀ ਵਰਤੋਂ ਡਿਸਟ੍ਰਿਕਟ ਨੇ ਪ੍ਰਸਤਾਵਿਤ ਜਾਂ ਨਾਮਨਜ਼ੂਰ ਕੀਤੀ ਕਾਰਵਾਈ ਲਈ ਆਧਾਰ ਦੇ ਤੌਰ ਤੇ ਕੀਤੀ ਸੀ; **ਅਤੇ**,
4. ਹੋਰਾਂ ਕਾਰਕਾਂ ਦਾ ਵਰਣਨ, ਜੋ ਡਿਸਟ੍ਰਿਕਟ ਦੀ ਪ੍ਰਸਤਾਵਿਤ ਜਾਂ ਨਾਮਨਜ਼ੂਰ ਕੀਤੀ ਕਾਰਵਾਈ ਨਾਲ ਸਬੰਧਿਤ ਹਨ।

ਇੱਕ ਡਿਸਟ੍ਰਿਕਟ ਤਦ ਵੀ ਇਹ ਦਾਅਵਾ ਕਰ ਸਕਦਾ ਹੈ ਕਿ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਉਪਯੁਕਤ ਨਹੀਂ ਹੈ ਭਾਵੇਂ ਇਹ ਤੁਹਾਨੂੰ ਉਪਰੋਕਤ ਆਈਟਮਾਂ 1-4 ਵਿੱਚ ਜਾਣਕਾਰੀ ਮੁਹੱਈਆ ਕਰਦਾ ਹੈ।

## ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਹੋਰ ਪਾਰਟੀ ਦਾ ਜਵਾਬ

ਛੇਤੀ ਨਿਬੇੜੀਆਂ ਜਾਣ ਵਾਲੀਆਂ ਡਿਸਪਿਲਿਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਨੂੰ ਛੱਡ ਕੇ, ਜਿਸ ਬਾਰੇ ਭਾਗ ***ਡਿਸਪਿਲਿਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ*** ਦੇ ਅਧੀਨ ਵਿਚਾਰ-ਵਟਾਂਦਰਾ ਕੀਤਾ ਗਿਆ, ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਪ੍ਰਾਪਤ ਕਰਨ ਵਾਲੀ ਪਾਰਟੀ ਲਈ, ਮੰਗ ਪ੍ਰਾਪਤ ਕਰਨ ਦੇ 10 ਕੈਲੰਡਰ ਦਿਨਾਂ ਦੇ ਅੰਦਰ, ਹੋਰ ਪਾਰਟੀ ਨੂੰ ਇੱਕ ਜਵਾਬ ਭੇਜਣਾ ਲਾਜ਼ਮੀ ਹੁੰਦਾ ਹੈ ਜਿਸ ਵਿੱਚ ਮੰਗ ਵਿੱਚ ਦਿੱਤੇ ਮੁੱਦਿਆਂ ਤੇ ਖ਼ਾਸ ਤੌਰ ਤੇ ਧਿਆਨ ਦਿੱਤਾ ਗਿਆ ਹੋਵੇ। ਦੋਵਾਂ ਵਿੱਚੋਂ ਇੱਕ ਪਾਰਟੀ ਤਦ ਵੀ ਇਹ ਦਾਅਵਾ ਕਰ ਸਕਦੀ ਹੈ ਕਿ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਉਪਯੁਕਤ ਨਹੀਂ ਹੈ।

## ਮਾੱਡਲ ਫਾਰਮ
## 34 CFR §300.509; WAC 392-172A-05085

OSPI ਨੇ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਮੰਗ ਫਾਈਲ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਇੱਕ ਮਾੱਡਲ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਰਮ ਤਿਆਰ ਕੀਤਾ ਹੈ। ਫਾਰਮ ਇਹਨਾਂ ਵੈਬ ਸਾਈਟਾਂ ਤੇ ਉਪਲਬਧ ਹੈ:

http://www.k12.wa.us/ProfPractices/adminresources/forms.aspx
http://www.k12.wa.us/SpecialEd/DisputeResolution/DueProcess.aspx.

ਤੁਹਾਨੂੰ ਇਹ ਫਾਰਮ ਵਰਤਣ ਦੀ ਲੋੜ ਨਹੀਂ ਹੈ। ਹਾਲਾਂਕਿ, ਜੇਕਰ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਸਾਰੀ ਲੋੜੀਂਦੀ ਜਾਣਕਾਰੀ ਸ਼ਾਮਲ ਨਹੀਂ ਹੁੰਦੀ ਤਾਂ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਤੁਹਾਡੇ ਹੱਕ ਨੂੰ ਨਾਮਨਜ਼ੂਰ ਕੀਤਾ ਜਾ ਸਕਦਾ ਹੈ ਜਾਂ ਇਸ ਵਿੱਚ ਦੇਰੀ ਕੀਤੀ ਜਾ ਸਕਦੀ ਹੈ। ਤੁਸੀਂ ਆਪਣੇ ਡਿਸਟ੍ਰਿਕਟ ਦੇ ਵਿਸ਼ੇਸ਼ ਸਿੱਖਿਆ ਵਿਭਾਗ ਤੋਂ ਸੁਣਵਾਈ ਮੰਗ ਫਾਰਮ ਦੀ ਇੱਕ ਕਾਪੀ ਵੀ ਪ੍ਰਾਪਤ ਕਰ ਸਕਦੇ ਹੋ।

## ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਵਿਚਾਰ ਅਧੀਨ ਹੋਣ ਵੇਲੇ ਵਿਦਿਆਰਥੀ ਦੀ ਪਲੇਸਮੈਂਟ
## 34 CFR §300.518; WAC 392-172A-05125

ਉਸਨੂੰ ਛੱਡ ਕੇ ਜਿਵੇਂ ਸਿਰਲੇਖ ***ਅਪਾਹਜਪੁਣੇ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਵੇਲੇ ਪ੍ਰਕਿਰਿਆਵਾਂ,*** ਦੇ ਅਧੀਨ ਹੇਠਾਂ ਮੁਹੱਈਆ ਕੀਤਾ ਗਿਆ ਹੈ, ਜਦੋਂ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਹੋਰ ਪਾਰਟੀ ਨੂੰ ਭੇਜੀ ਜਾਂਦੀ ਹੈ, ਤਾਂ ਹੱਲ ਪ੍ਰਕਿਰਿਆ ਸਮਾਂ ਮਿਆਦ ਦੇ ਦੌਰਾਨ ਅਤੇ ਕਿਸੇ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ ਦੇ ਫੈਸਲੇ ਦੀ ਉਡੀਕ ਕਰਦੇ ਸਮੇਂ ਜਾਂ ਕਿਸੇ ALJ ਦੇ ਫੈਸਲੇ ਦੀ ਇੱਕ ਅਪੀਲ ਨੂੰ ਸ਼ਾਮਲ ਕਰਨ ਵਾਲੀ ਇੱਕ ਅਦਾਲਤੀ ਕਾਰਵਾਈ, ਤੁਹਾਡੇ ਬੱਚੇ ਨੂੰ ਉਸਦੇ ਮੌਜੂਦਾ ਸਿੱਖਿਆ ਸਬੰਧੀ ਪਲੇਸਮੈਂਟ ਵਿੱਚ ਰਹਿਣਾ ਹੋਵੇਗਾ, ਜਦੋਂ ਤੱਕ ਕਿ ਤੁਸੀਂ ਅਤੇ ਡਿਸਟ੍ਰਿਕਟ ਕਿਸੇ ਹੋਰ ਤਰ੍ਹਾਂ ਨਾਲ ਸਹਿਮਤ ਨਹੀਂ ਹੁੰਦੇ।

ਜੇਕਰ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਸਰਕਾਰੀ ਸਕੂਲ ਲਈ ਅਰੰਭਿਕ ਦਾਖਲੇ ਲਈ ਇੱਕ ਅਰਜ਼ੀ ਸ਼ਾਮਲ ਹੈ, ਤਾਂ ਤੁਹਾਡੇ ਬੱਚੇ ਨੂੰ, ਤੁਹਾਡੀ ਸਹਿਮਤੀ ਨਾਲ, ਨਿਯਮਿਤ ਸਰਕਾਰੀ ਸਕੂਲ ਪ੍ਰੋਗਰਾਮ ਵਿੱਚ ਥਾਂ ਦੇਣਾ ਲਾਜ਼ਮੀ ਹੈ ਜਦੋਂ ਤੱਕ ਕਿ ਅਜਿਹੀਆਂ ਸਾਰੀਆਂ ਕਾਰਵਾਈਆਂ ਪੂਰੀਆਂ ਨਾ ਹੋ ਜਾਣ।

ਜੇਕਰ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਤੁਹਾਡੇ ਬੱਚੇ, ਜਿਸਨੂੰ IDEA ਦੇ ਪਾਰਟ ਸੀ ਤੋਂ IDEA ਦੇ ਪਾਰਟ ਬੀ ਦੇ ਅਧੀਨ ਸੇਵਾ ਦੇਣ ਵਿੱਚ ਬਦਲੀ ਕੀਤੀ ਜਾ ਰਹੀ ਹੈ, ਲਈ IDEA ਦੇ ਪਾਰਟ ਬੀ ਦੇ ਅਧੀਨ ਅਰੰਭਿਕ ਸੇਵਾਵਾਂ ਦਾ ਪ੍ਰਬੰਧ ਸ਼ਾਮਲ ਹੈ ਅਤੇ ਜੋ ਹੁਣ ਪਾਰਟ ਸੀ ਸੇਵਾਵਾਂ ਲਈ ਪਾਤਰ ਨਹੀਂ ਹੈ ਕਿਉਂਕਿ ਤੁਹਾਡਾ ਬੱਚਾ ਤਿੰਨ ਸਾਲ ਦਾ ਹੋ ਗਿਆ ਹੈ, ਡਿਸਟ੍ਰਿਕਟ ਨੂੰ ਪਾਰਟ ਸੀ ਸੇਵਾਵਾਂ ਮੁਹੱਈਆ ਕਰਨ ਦੀ ਲੋੜ ਨਹੀਂ ਹੈ, ਜੋ ਉਹ ਪ੍ਰਾਪਤ ਕਰ ਰਿਹਾ ਜਾਂ ਰਹੀ ਹੈ। ਜੇਕਰ ਤੁਹਾਡਾ ਬੱਚਾ IDEA ਦੇ ਪਾਰਟ ਬੀ ਦੇ ਅਧੀਨ ਪਾਤਰ ਪਾਇਆ ਜਾਂਦਾ ਹੈ ਅਤੇ ਤੁਸੀਂ ਆਪਣੇ ਬੱਚੇ ਲਈ ਪਹਿਲੀ ਵਾਰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕਰਨ ਦੀ ਸਹਿਮਤੀ ਦਿੰਦੇ ਹੋ, ਤਾਂ, ਕਾਰਵਾਈਆਂ ਦੇ ਨਤੀਜੇ ਦੇ ਵਿਚਾਰ ਅਧੀਨ ਹੋਣ ਤੇ, ਡਿਸਟ੍ਰਿਕਟ ਲਈ ਉਹ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨਾ ਲਾਜ਼ਮੀ ਹੈ, ਜੋ ਤੁਹਾਡੇ ਅਤੇ ਡਿਸਟ੍ਰਿਕਟ ਵਿਚਕਾਰ ਵਿਵਾਦ ਵਿੱਚ ਨਹੀਂ ਹਨ।

ਜੇਕਰ ALJ ਇਸ ਫੈਸਲੇ ਤੇ ਪਹੁੰਚਦਾ ਹੈ ਕਿ ਪਲੇਸਮੈਂਟ ਦੀ ਤਬਦੀਲੀ ਢੁੱਕਵੀਂ ਹੈ, ਤਾਂ ਪਲੇਸਮੈਂਟ ਨਾਲ ਸਬੰਧਿਤ ਉਸ ਫੈਸਲੇ ਨਾਲ ਮੁਨਾਸਬ ਪ੍ਰਕਿਰਿਆ ਫੈਸਲੇ ਦੀ ਕਿਸੇ ਕੋਰਟ ਦੀ ਅਪੀਲ ਦੇ ਦੌਰਾਨ ਪਲੇਸਮੈਂਟ ਦੇ ਉਦੇਸ਼ਾਂ ਲਈ ਤੁਹਾਡੇ ਅਤੇ ਸਕੂਲ ਡਿਸਟ੍ਰਿਕਟ ਵਿਚਕਾਰ ਇੱਕ ਇਕਰਾਰਨਾਮੇ ਵਾਂਗ ਹੀ ਵਿਹਾਰ ਕੀਤਾ ਜਾਣਾ ਲਾਜ਼ਮੀ ਹੈ।

## ਹੱਲ ਪ੍ਰਕਿਰਿਆ
## 34 CFR §300.510; WAC 392-172A-05090

### ਹੱਲ ਮੀਟਿੰਗ

ਤੁਹਾਡੇ ਵੱਲੋਂ ਡਿਸਟ੍ਰਿਕਟ ਅਤੇ OSPI ਕੋਲ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰਨ ਦੇ ਬਾਅਦ 15 ਦਿਨਾਂ ਦੇ ਅੰਦਰ, ਡਿਸਟ੍ਰਿਕਟ ਲਈ ਤੁਹਾਡੇ ਨਾਲ ਅਤੇ ਸਬੰਧਿਤ ਮੈਂਬਰ ਜਾਂ IEP ਟੀਮ ਦੇ ਮੈਂਬਰਾਂ, ਜਿਹਨਾਂ ਨੂੰ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਪਛਾਣੇ ਗਏ ਤੱਥਾਂ ਦੀ ਵਿਸ਼ੇਸ਼ ਜਾਣਕਾਰੀ ਹੈ, ਨਾਲ ਇੱਕ ਮੀਟਿੰਗ ਸੱਦਣੀ ਲਾਜ਼ਮੀ ਹੈ। ਇਹ ਮੀਟਿੰਗ ਮੁਨਾਸਬ ਪ੍ਰਕਿਰਿਆ ਸੁਣਵਾਈ ਸਮਾਂ ਸੀਮਾ ਸ਼ੁਰੂ ਹੋਣ ਤੋਂ ਪਹਿਲਾਂ ਹੋਣੀ ਲਾਜ਼ਮੀ ਹੈ, ਜਦੋਂ ਤੱਕ ਕਿ ਤੁਸੀਂ ਅਤੇ ਡਿਸਟ੍ਰਿਕਟ ਵਿਚੋਲਗੀ ਲਈ ਸਹਿਮਤ ਨਹੀਂ ਹੁੰਦੇ ਜਾਂ ਹੱਲ ਮੀਟਿੰਗ ਨੂੰ ਛੱਡਣ ਲਈ ਸਹਿਮਤ ਨਹੀਂ ਹੁੰਦੇ। ਮੀਟਿੰਗ:

1. ਇਸ ਵਿੱਚ ਡਿਸਟ੍ਰਿਕਟ ਦਾ ਇੱਕ ਪ੍ਰਤੀਨਿਧੀ ਸ਼ਾਮਲ ਹੋਣਾ ਲਾਜ਼ਮੀ ਹੈ, ਜਿਸ ਕੋਲ ਡਿਸਟ੍ਰਿਕਟ ਦੇ ਵੱਲੋਂ ਫੈਸਲਾ ਲੈਣ ਦਾ ਅਧਿਕਾਰ ਹੋਵੇ; **ਅਤੇ**,
2. ਇਸ ਵਿੱਚ ਡਿਸਟ੍ਰਿਕਟ ਦਾ ਕੋਈ ਵਕੀਲ ਸ਼ਾਮਲ ਨਹੀਂ ਹੋ ਸਕਦਾ ਜਦੋਂ ਤੱਕ ਤੁਸੀਂ ਮੀਟਿੰਗ ਵਿੱਚ ਕਿਸੇ ਵਕੀਲ ਨਾਲ ਨਾ ਜਾਓ।

ਮੀਟਿੰਗ ਦਾ ਉਦੇਸ਼ ਤੁਹਾਡੇ ਲਈ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਅਤੇ ਉਹਨਾਂ ਤੱਥਾਂ, ਜੋ ਮੰਗ ਦਾ ਆਧਾਰ ਬਣਾਉਂਦੇ ਹਨ, ਬਾਰੇ ਵਿਚਾਰ-ਵਟਾਂਦਰਾ ਕਰਨਾ ਹੁੰਦਾ ਹੈ, ਤਾਂ ਜੋ ਡਿਸਟ੍ਰਿਕਟ ਨੂੰ ਵਿਵਾਦ ਦਾ ਨਿਬੇੜਾ ਕਰਨ ਦਾ ਮੌਕਾ ਮਿਲ ਸਕੇ। ਤੁਸੀਂ ਅਤੇ ਡਿਸਟ੍ਰਿਕਟ ਹੱਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ IEP ਟੀਮ ਦੇ ਸਬੰਧਿਤ ਮੈਂਬਰਾਂ ਨੂੰ ਨਿਰਧਾਰਤ ਕਰਦੇ ਹੋ।

ਹੱਲ ਮੀਟਿੰਗ ਜ਼ਰੂਰੀ ਨਹੀਂ ਹੁੰਦੀ ਜੇਕਰ:

1. ਤੁਸੀਂ ਅਤੇ ਡਿਸਟ੍ਰਿਕਟ ਲਿਖਤ ਵਿੱਚ ਮੀਟਿੰਗ ਛੱਡਣ ਲਈ ਸਹਿਮਤੀ ਦਿੰਦੇ ਹੋ; **ਜਾਂ**,
2. ਤੁਸੀਂ ਅਤੇ ਡਿਸਟ੍ਰਿਕਟ ਵਿਚੋਲਗੀ ਪ੍ਰਕਿਰਿਆ ਵਰਤਣ ਲਈ ਸਹਿਮਤ ਹੁੰਦੇ ਹੋ, ਜਿਵੇਂ ਕਿ ਸਿਰਲੇਖ ***ਵਿਚੋਲਗੀ*** ਦੇ ਅਧੀਨ ਵਰਣਨ ਕੀਤਾ ਗਿਆ ਹੈ।

## ਹੱਲ ਮਿਆਦ

ਜੇਕਰ ਡਿਸਟ੍ਰਿਕਟ ਨੇ ਤੁਹਾਡੇ ਵੱਲੋਂ ਡਿਸਟ੍ਰਿਕਟ ਅਤੇ OSPI ਨੂੰ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਮੁਹੱਈਆ ਕਰਨ ਦੇ 30 ਕੈਲੰਡਰ ਦਿਨਾਂ ਦੇ ਅੰਦਰ ਤੁਹਾਡੀ ਸੰਤੁਸ਼ਟੀ ਦੇ ਮੁਤਾਬਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦਾ ਨਿਬੇੜਾ ਨਹੀਂ ਕੀਤਾ ਹੈ, ਤਾਂ ਮੁਨਾਸਬ ਪ੍ਰਕਿਰਿਆ ਸੁਣਵਾਈ ਹੋ ਸਕਦੀ ਹੈ।

ਇੱਕ ਅੰਤਿਮ ਫੈਸਲਾ ਜਾਰੀ ਕਰਨ ਲਈ 45-ਕੈਲੰਡਰ-ਦਿਨਾਂ ਦੀ ਸਮਾਂ ਸੀਮਾ 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਲਈ ਕੀਤੇ ਗਏ ਪ੍ਰਬੰਧਾਂ ਲਈ ਕੁਝ ਛੋਟਾਂ ਨਾਲ, 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਦੇ ਅੰਤ ਵਿੱਚ ਸ਼ੁਰੂ ਹੁੰਦੀ ਹੈ, ਜਿਵੇਂ ਕਿ ਹੇਠਾਂ ਵਰਣਨ ਕੀਤਾ ਗਿਆ ਹੈ।

ਜਦੋਂ ਤੱਕ ਤੁਸੀਂ ਅਤੇ ਡਿਸਟ੍ਰਿਕਟ ਦੋਵਾਂ ਨੇ ਹੱਲ ਪ੍ਰਕਿਰਿਆ ਛੱਡਣ ਲਈ ਜਾਂ ਵਿਚੋਲਗੀ ਵਰਤਣ ਲਈ ਸਹਿਮਤੀ ਨਾ ਦਿੱਤੀ ਹੋਵੇ, ਹੱਲ ਪ੍ਰਕਿਰਿਆ ਵਿੱਚ ਹਿੱਸਾ ਲੈਣ ਵਿੱਚ ਤੁਹਾਡੀ ਅਸਫਲਤਾ ਹੱਲ ਪ੍ਰਕਿਰਿਆ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਸਮਾਂ ਸੀਮਾਵਾਂ ਨੂੰ ਪਿੱਛੇ ਪਾ ਦੇਵੇਗੀ, ਜਦੋਂ ਤੱਕ ਤੁਸੀਂ ਮੀਟਿੰਗ ਵਿੱਚ ਹਿੱਸਾ ਲੈਣ ਲਈ ਸਹਿਮਤੀ ਨਹੀਂ ਦਿੰਦੇ।

ਜੇਕਰ ਡਿਸਟ੍ਰਿਕਟ ਉਚਿਤ ਯਤਨ ਕਰਨ ਅਤੇ ਉਹਨਾਂ ਯਤਨਾਂ ਦੇ ਦਸਤਾਵੇਜ਼ੀ ਸਬੂਤ ਬਣਾਉਣ ਤੋਂ ਬਾਅਦ ਹੱਲ ਮੀਟਿੰਗ ਵਿੱਚ ਤੁਹਾਡੀ ਹਿੱਸੇਦਾਰੀ ਪ੍ਰਾਪਤ ਕਰਨ ਦੇ ਯੋਗ ਨਹੀਂ ਹੈ, ਤਾਂ ਡਿਸਟ੍ਰਿਕਟ 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਦੇ ਅੰਤ ਵਿੱਚ, ਇਹ ਬੇਨਤੀ ਕਰ ਸਕਦਾ ਹੈ ਕਿ ALJ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਨੂੰ ਖਾਰਜ ਕਰ ਦੇਵੇ। ਸਕੂਲ ਡਿਸਟ੍ਰਿਕਟ ਲਈ ਹੱਲ ਮੀਟਿੰਗ ਲਈ ਸਮੇਂ ਅਤੇ ਸਥਾਨ ਲਈ ਪਰਸਪਰ ਸਹਿਮਤੀ ਦਾ ਪ੍ਰਬੰਧ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਦਾ ਦਸਤਾਵੇਜ਼ੀ ਸਬੂਤ ਦੇਣਾ ਲਾਜ਼ਮੀ ਹੈ। ਦਸਤਾਵੇਜ਼ੀ ਸਬੂਤ ਦੇ ਰਿਕਾਰਡ ਵਿੱਚ ਕੋਸ਼ਿਸ਼ਾਂ ਸ਼ਾਮਲ ਹਨ, ਜਿਵੇਂ ਕਿ:

1. ਕੀਤੀਆਂ ਗਈਆਂ ਜਾਂ ਕੋਸ਼ਿਸ਼ ਕੀਤੀਆਂ ਗਈਆਂ ਟੈਲੀਫੋਨ ਕਾਲਾਂ ਅਤੇ ਉਹਨਾਂ ਕਾਲਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ;
2. ਤੁਹਾਨੂੰ ਭੇਜੇ ਗਏ ਪੱਤਰਾਂ ਅਤੇ ਪ੍ਰਾਪਤ ਕੀਤੇ ਗਏ ਕਿਸੇ ਵੀ ਜਵਾਬਾਂ ਦੀਆਂ ਕਾਪੀਆਂ; **ਅਤੇ**,
3. ਤੁਹਾਡੇ ਘਰ ਵਿੱਚ ਜਾਂ ਕੰਮ ਤੇ ਕੀਤੀਆਂ ਗਈਆਂ ਵਿਜਿਟਾਂ ਅਤੇ ਉਹਨਾਂ ਵਿਜਿਟਾਂ ਦੇ ਨਤੀਜਿਆਂ ਦੇ ਵਿਸਤ੍ਰਿਤ ਰਿਕਾਰਡ।

ਜੇਕਰ ਡਿਸਟ੍ਰਿਕਟ ਤੁਹਾਡੇ ਵੱਲੋਂ ਡਿਸਟ੍ਰਿਕਟ ਅਤੇ OSPI ਨੂੰ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਮੁਹੱਈਆ ਕਰਨ ਦੇ 15 ਕੈਲੰਡਰ ਦਿਨਾਂ ਦੇ ਅੰਦਰ ਹੱਲ ਪ੍ਰਕਿਰਿਆ ਆਯੋਜਤ ਕਰਨ ਵਿੱਚ ਅਸਫਲ ਰਹਿੰਦਾ ਹੈ, **ਜਾਂ** ਡਿਸਟ੍ਰਿਕਟ ਹੱਲ ਮੀਟਿੰਗ ਵਿੱਚ ਹਿੱਸਾ ਲੈਣ ਵਿੱਚ ਅਸਫਲ ਰਹਿੰਦਾ ਹੈ, ਤਾਂ ਤੁਸੀਂ ਇੱਕ ALJ ਨੂੰ ਇਹ ਹੁਕਮ ਦੇਣ ਲਈ ਕਹਿ ਸਕਦੇ ਹੋ ਕਿ 45-ਕੈਲੰਡਰ-ਦਿਨਾਂ ਦੀ ਮੁਨਾਸਬ ਪ੍ਰਕਿਰਿਆ ਸੁਣਵਾਈ ਸਮਾਂ ਸੀਮਾ ਸ਼ੁਰੂ ਹੋ ਗਈ ਹੈ।

## 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਲਈ ਪ੍ਰਬੰਧ

ਜੇਕਰ ਤੁਸੀਂ ਅਤੇ ਡਿਸਟ੍ਰਿਕਟ ਲਿਖਤ ਵਿੱਚ ਹੱਲ ਮੀਟਿੰਗ ਨੂੰ ਛੱਡਣ ਲਈ ਸਹਿਮਤੀ ਦਿੰਦੇ ਹੋ, ਤਾਂ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ 45-ਕੈਲੰਡਰ-ਦਿਨਾਂ ਦੀ ਸਮਾਂ ਸੀਮਾਂ ਅਗਲੇ ਦਿਨ ਸ਼ੁਰੂ ਹੁੰਦੀ ਹੈ।

ਵਿਚੋਲਗੀ ਜਾਂ ਹੱਲ ਮੀਟਿੰਗ ਦੇ ਸ਼ੁਰੂ ਹੋਣ ਤੋਂ ਬਾਅਦ ਅਤੇ 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਦੇ ਖ਼ਤਮ ਹੋਣ ਤੋਂ ਪਹਿਲਾਂ, ਜੇਕਰ ਤੁਸੀਂ ਅਤੇ ਡਿਸਟ੍ਰਿਕਟ ਲਿਖਤ ਵਿੱਚ ਸਹਿਮਤੀ ਦਿੰਦੇ ਹਨ ਕਿ ਕੋਈ ਸਮਝੌਤਾ ਸੰਭਵ ਨਹੀਂ ਹੈ, ਤਾਂ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ 45-ਕੈਲੰਡਰ-ਦਿਨਾਂ ਦੀ ਸਮਾਂ ਸੀਮਾਂ ਅਗਲੇ ਦਿਨ ਸ਼ੁਰੂ ਹੁੰਦੀ ਹੈ।

ਜੇਕਰ ਤੁਸੀਂ ਅਤੇ ਡਿਸਟ੍ਰਿਕਟ ਵਿਚੋਲਗੀ ਪ੍ਰਕਿਰਿਆ ਵਰਤਣ ਲਈ ਸਹਿਮਤ ਹੁੰਦੇ ਹੋ, ਪਰੰਤੂ ਅਜੇ ਤੱਕ ਸਮਝੌਤੇ ਤੱਕ ਨਹੀਂ ਪਹੁੰਚੇ ਹੋ, ਤਾਂ 30-ਕੈਲੰਡਰ-ਦਿਨਾਂ ਦੀ ਹੱਲ ਮਿਆਦ ਦੇ ਅੰਤ ਵਿੱਚ, ਦੋਵੇਂ ਪਾਰਟੀਆਂ ਵਿਚੋਲਗੀ ਜਾਰੀ ਰੱਖਣ ਲਈ ਲਿਖਤ ਵਿੱਚ ਸਹਿਮਤੀ ਦੇ ਸਕਦੀਆਂ ਹਨ, ਜਦੋਂ ਤੱਕ ਇੱਕ ਇਕਰਾਰਨਾਮੇ ਤੱਕ ਨਾ ਪਹੁੰਚਿਆ ਜਾਏ। ਹਾਲਾਂਕਿ, ਜੇਕਰ ਤੁਸੀਂ ਜਾਂ ਡਿਸਟ੍ਰਿਕਟ ਵਿਚੋਲਗੀ ਪ੍ਰਕਿਰਿਆ ਤੋਂ ਪਿੱਛੇ ਹਟਦੇ ਹੋ, ਤਾਂ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ 45-ਕੈਲੰਡਰ-ਦਿਨਾਂ ਦੀ ਸਮਾਂ ਸੀਮਾਂ ਅਗਲੇ ਦਿਨ ਸ਼ੁਰੂ ਹੁੰਦੀ ਹੈ।

### ਲਿਖਤ ਨਿਪਟਾਰਾ ਇਕਰਾਰਨਾਮਾ

ਜੇਕਰ ਤੁਸੀਂ ਅਤੇ ਡਿਸਟ੍ਰਿਕਟ ਹੱਲ ਮੀਟਿੰਗ ਵਿੱਚ ਤੁਹਾਡੇ ਵਿਵਾਦ ਦਾ ਨਿਬੇੜਾ ਕਰਦੇ ਹੋ, ਤਾਂ ਤੁਹਾਡੇ ਲਈ ਅਤੇ ਡਿਸਟ੍ਰਿਕਟ ਲਈ ਇੱਕ ਕਨੂੰਨੀ ਰੂਪ ਨਾਲ ਬੱਧ ਇਕਾਰਨਾਮਾ ਸ਼ੁਰੂ ਕਰਨਾ ਲਾਜ਼ਮੀ ਹੈ, ਜੋ:

1. ਤੁਹਾਡੇ ਵੱਲੋਂ ਅਤੇ ਡਿਸਟ੍ਰਿਕਟ ਦੇ ਉਸ ਪ੍ਰਤੀਨਿਧੀ ਵੱਲੋਂ ਹਸਤਾਖਰ ਕੀਤਾ ਹੋਵੇ, ਜਿਸਨੂੰ ਡਿਸਟ੍ਰਿਕਟ ਨੂੰ ਬੱਧ ਕਰਨ ਦਾ ਅਧਿਕਾਰ ਹੈ; **ਅਤੇ**
2. ਅਮਰੀਕਾ ਦੀ ਕਿਸੇ ਵੀ ਸਮਰੱਥਾ ਵਾਲੇ ਨਿਆਂ ਖੇਤਰ ਦੀ ਵਾਸ਼ਿੰਗਟਨ ਸਟੇਟ ਦੀ ਸੁਪੀਰੀਅਰ ਕੋਰਟ ਵਿੱਚ ਜਾਂ ਕਿਸੇ ਡਿਸਟ੍ਰਿਕਟ ਕੋਰਟ ਵਿੱਚ ਲਾਗੂ ਕਰਨ ਯੋਗ ਹੋਣ।

### ਇਕਰਾਰਨਾਮਾ ਸਮੀਖਿਆ ਮਿਆਦ

ਜੇਕਰ ਤੁਸੀਂ ਅਤੇ ਡਿਸਟ੍ਰਿਕਟ ਇੱਕ ਹੱਲ ਮੀਟਿੰਗ ਦੇ ਨਤੀਜੇ ਵਜੋਂ ਇੱਕ ਇਕਰਾਰਨਾਮਾ ਸ਼ੁਰੂ ਕਰਦੇ ਹੋ, ਤਾਂ ਤੁਸੀਂ ਜਾਂ ਡਿਸਟ੍ਰਿਕਟ ਉਸ ਸਮੇਂ ਦੇ 3 ਕਾਰਜ ਦਿਨਾਂ ਦੇ ਅੰਦਰ ਇਕਰਾਰਨਾਮੇ ਨੂੰ ਰੱਦ ਕਰ ਸਕਦਾ ਹੈ, ਜਦੋਂ ਤੁਸੀਂ ਅਤੇ ਡਿਸਟ੍ਰਿਕਟ ਨੇ ਇਕਰਾਰਨਾਮੇ ਤੇ ਹਸਤਾਖਰ ਕੀਤੇ ਸਨ।

## ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ
## 34 CFR §300.511; WAC 392-172A-05080–05095

### ਸਧਾਰਨ

ਜਦੋਂ ਵੀ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕੀਤੀ ਜਾਂਦੀ ਹੈ, ਤਾਂ ਤੁਹਾਡੇ ਕੋਲ ਜਾਂ ਵਿਵਾਦ ਵਿੱਚ ਸ਼ਾਮਲ ਡਿਸਟ੍ਰਿਕਟ ਕੋਲ ਇੱਕ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ ਦਾ ਮੌਕਾ ਹੋਵੇਗਾ।

### ਐਡਮਿਨਿਸਟ੍ਰੇਟਿਵ ਲਾੱ ਜੱਜ (ALJ)

ਸੁਣਵਾਈ ਇੱਕ ਯੋਗ ਸੁਤੰਤਰ ALJ ਵੱਲੋਂ ਕੀਤੀ ਜਾਏਗੀ, ਜਿਸਨੂੰ ਆਫਿਸ ਆਫ ਐਡਮਿਨਿਸਟ੍ਰੇਟਿਵ ਹੀਅਰਿੰਗਸ (OAH) ਵੱਲੋਂ ਨਿਯੁਕਤ ਕੀਤਾ ਗਿਆ ਹੈ।

ਘੱਟ ਤੋਂ ਘੱਟ, ਇੱਕ ALJ:

1. OSPI ਜਾਂ ਡਿਸਟ੍ਰਿਕਟ ਦਾ ਇੱਕ ਕਰਮਚਾਰੀ ਨਹੀਂ ਹੋਣਾ ਚਾਹੀਦਾ, ਜੋ ਬੱਚੇ ਦੀ ਸਿੱਖਿਆ ਜਾਂ ਦੇਖਭਾਲ ਵਿੱਚ ਸ਼ਾਮਲ ਹੈ। ਹਾਲਾਂਕਿ, ਕੋਈ ਵਿਅਕਤੀ ਇਕੱਲਿਆਂ ਏਜੰਸੀ ਦਾ ਕਰਮਚਾਰੀ ਨਹੀਂ ਹੁੰਦਾ ਕਿਉਂਕਿ ਉਸਨੂੰ ਇੱਕ ALJ ਦੇ ਤੌਰ ਤੇ ਸੇਵਾ ਦੇਣ ਲਈ ਏਜੰਸੀ ਵੱਲੋਂ ਭੁਗਤਾਨ ਕੀਤਾ ਜਾਂਦਾ ਹੈ;
2. ਉਸਦਾ ਕੋਈ ਨਿੱਜੀ ਜਾਂ ਪੇਸ਼ਾਵਰ ਹਿੱਤ ਨਹੀਂ ਹੋਣਾ ਚਾਹੀਦਾ, ਜਿਸਦਾ ਸੁਣਵਾਈ ਵਿੱਚ ALJ ਦੀ ਨਿਰਪੱਖਤਾ ਵਿੱਚ ਟਕਰਾ ਹੋਵੇ;
3. ਉਸਨੂੰ IDEA ਦੀਆਂ ਸ਼ਰਤਾਂ ਅਤੇ IDEA ਨਾਲ ਸਬੰਧਿਤ ਫੈਡਰਲ ਅਤੇ ਸਟੇਟ ਰੈਗੁਲੇਸ਼ਨਸ ਅਤੇ ਫੈਡਰਲ ਅਤੇ ਸਟੇਟ ਅਦਾਲਤਾਂ ਵੱਲੋਂ IDEA ਦੀਆਂ ਕਨੂੰਨੀ ਵਿਆਖਿਆ ਦੀ ਜਾਣਕਾਰੀ ਅਤੇ ਸਮਝ ਹੋਣੀ ਲਾਜ਼ਮੀ ਹੈ; **ਅਤੇ**
4. ਉਸ ਕੋਲ ਸੁਣਵਾਈਆਂ ਕਰਨ, ਢੁੱਕਵੀਂ ਸਟੈਂਡਰਡ ਕਨੂੰਨੀ ਪੱਧਤੀ ਦੇ ਮੁਤਾਬਕ, ਫੈਸਲੇ ਲੈਣ ਅਤੇ ਲਿਖਣ ਦੀ ਜਾਣਕਾਰੀ ਅਤੇ ਯੋਗਤਾ ਹੋਣੀ ਲਾਜ਼ਮੀ ਹੈ।

ਹਰੇਕ ਡਿਸਟ੍ਰਿਕਟ ਲਈ ਉਹਨਾਂ ਵਿਅਕਤੀਆਂ ਦੀ ਇੱਕ ਸੂਚੀ ਰੱਖਣੀ ਲਾਜ਼ਮੀ ਹੈ, ਜੋ ALJ ਦੇ ਤੌਰ ਤੇ ਸੇਵਾ ਦਿੰਦੇ ਹਨ, ਜਿਸ ਵਿੱਚ ਹਰੇਕ ALJ ਦੀਆਂ ਯੋਗਤਾਵਾਂ ਦੀ ਇੱਕ ਸਟੇਟਮੈਂਟ ਸ਼ਾਮਲ ਹੋਵੇ। ALJ ਦੀ ਸੂਚੀ OSPI ਵੈਬ ਸਾਈਟ ਤੇ ਵੀ ਦਿੱਤੀ ਜਾਂਦੀ ਹੈ।

**ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਵਿਸ਼ਾ ਵਸਤੂ**

ਜੋ ਪਾਰਟੀ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਮੰਗ ਕਰਦੀ ਹੈ, ਉਹ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਉਹ ਮੁੱਦੇ ਨਹੀਂ ਚੁੱਕ ਸਕਦੀ, ਜੋ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਵਿੱਚ ਜ਼ਾਹਰ ਨਹੀਂ ਕੀਤੇ ਗਏ ਸਨ, ਜਦੋਂ ਤੱਕ ਕਿ ਹੋਰ ਪਾਰਟੀ ਸਹਿਮਤ ਨਾ ਹੋਵੇ।

**ਇੱਕ ਸੁਣਵਾਈ ਦੀ ਮੰਗ ਕਰਨ ਲਈ ਸਮਾਂ ਸੀਮਾ**

ਤੁਹਾਡੇ ਲਈ ਜਾਂ ਡਿਸਟ੍ਰਿਕਟ ਲਈ ਸੁਣਵਾਈ ਮੰਗ ਵਿੱਚ ਜ਼ਾਹਰ ਕੀਤੇ ਗਏ ਮੁੱਦਿਆਂ ਬਾਰੇ, ਤੁਹਾਨੂੰ ਜਾਂ ਡਿਸਟ੍ਰਿਕਟ ਨੂੰ ਪਤਾ ਲੱਗਣ ਦੀ ਤਾਰੀਖ ਦੇ ਦੋ ਸਾਲਾਂ ਦੇ ਅੰਦਰ ਤੁਹਾਡੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰਨੀ ਲਾਜ਼ਮੀ ਹੈ।

**ਸਮਾਂ ਸੀਮਾ ਵਿੱਚ ਛੋਟਾਂ**

ਜੇਕਰ ਤੁਸੀਂ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਨਹੀਂ ਕਰ ਸਕੇ ਤਾਂ ਉਪਰੋਕਤ ਸਮਾਂ ਸੀਮਾ ਲਾਗੂ ਨਹੀਂ ਹੁੰਦੀ ਕਿਉਂਕਿ:

1. ਡਿਸਟ੍ਰਿਕਟ ਨੇ ਖ਼ਾਸ ਤੌਰ ਤੇ ਗ਼ਲਤ ਬਿਆਨੀ ਕੀਤੀ ਹੈ ਕਿ ਇਸਨੇ ਸਮੱਸਿਆ ਜਾਂ ਮੁੱਦੇ ਦਾ ਨਿਬੇੜਾ ਕਰ ਲਿਆ ਸੀ, ਜੋ ਤੁਸੀਂ ਆਪਣੀ ਸੁਣਵਾਈ ਮੰਗ ਵਿੱਚ ਚੁੱਕ ਰਹੇ ਹੋ; **ਜਾਂ**
2. ਡਿਸਟ੍ਰਿਕਟ ਨੇ ਤੁਹਾਡੇ ਤੋਂ ਇਹ ਜਾਣਕਾਰੀ ਰੋਕ ਕੇ ਰੱਖੀ ਸੀ ਕਿ ਇਹ IDEA ਦੇ ਪਾਰਟ ਬੀ ਦੇ ਅਧੀਨ ਤੁਹਾਨੂੰ ਮੁਹੱਈਆ ਕਰਨੀ ਲੋੜੀਂਦੀ ਸੀ।

## ਸੁਣਵਾਈ ਹੱਕ
## 34 CFR §300.512; WAC 392-172A-05100

**ਸਧਾਰਨ**

ਤੁਹਾਨੂੰ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਖੁਦ ਦੀ ਪ੍ਰਤੀਨਿਧਤਾ ਕਰਨ ਦਾ ਹੱਕ ਹੈ (ਅਨੁਸ਼ਾਸਨ ਸਬੰਧੀ ਕਾਰਵਾਈਆਂ ਨਾਲ ਸਬੰਧਿਤ ਸੁਣਵਾਈ ਸਮੇਤ।) ਤੁਹਾਨੂੰ ਅਤੇ ਸਕੂਲ ਡਿਸਟ੍ਰਿਕਟ ਨੂੰ, ਮੁਨਾਸਬ ਪ੍ਰਕਿਰਿਆ ਸੁਣਵਾਈ ਦੀਆਂ ਪਾਰਟੀਆਂ ਦੇ ਤੌਰ ਤੇ (ਅਨੁਸ਼ਾਸਨ ਸਬੰਧੀ ਕਾਰਵਾਈਆਂ ਨਾਲ ਸਬੰਧਿਤ ਸੁਣਵਾਈ ਸਮੇਤ) ਇਹ ਹੱਕ ਹੈ:

1. ਕਿਸੇ ਵਕੀਲ ਵੱਲੋਂ ਪ੍ਰਤੀਨਿਧਤਾ ਕੀਤੇ ਜਾਣ ਅਤੇ ਉਹਨਾਂ ਵਿਅਕਤੀਆਂ ਨੂੰ ਨਾਲ ਲਿਜਾਣ ਤੇ ਉਹਨਾਂ ਤੋਂ ਸਲਾਹ ਲੈਣ ਦਾ, ਜਿਹਨਾਂ ਕੋਲ ਅਪਾਹਜ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਖ਼ਾਸ ਜਾਣਕਾਰੀ ਜਾਂ ਟ੍ਰੇਨਿੰਗ ਹੋਵੇ;
2. ਸਬੂਤ ਪੇਸ਼ ਕਰਨ ਅਤੇ ਸਬੂਤ ਪੇਸ਼ ਕਰਨ ਅਤੇ ਮੁਕਾਬਲਾ ਕਰਨ, ਬਰੀਕੀ ਨਾਲ ਪੁੱਛ-ਪੜਤਾਲ ਕਰਨ ਅਤੇ ਗਵਾਹਾਂ ਦੀ ਹਾਜ਼ਰੀ ਦੀ ਮੰਗ ਕਰਨ ਦਾ;

3. ਸੁਣਵਾਈ ਵਿੱਚ ਕੋਈ ਵੀ ਅਜਿਹਾ ਸਬੂਤ ਪੇਸ਼ ਕਰਨ ਨੂੰ ਵਰਜਿਤ ਕਰਨ ਦਾ, ਜੋ ਸੁਣਵਾਈ ਤੋਂ ਘੱਟੋ-ਘੱਟ ਪੰਜ ਕਾਰਜ ਦਿਨ ਪਹਿਲਾਂ ਹੋਰ ਪਾਰਟੀ ਦੇ ਸਨਮੁਖ ਜ਼ਾਹਰ ਨਾ ਕੀਤਾ ਗਿਆ ਹੋਵੇ;
4. ਤੁਹਾਡੀ ਚੋਣ ਤੇ, ਸੁਣਵਾਈ ਦੇ ਇੱਕ-ਇੱਕ ਸ਼ਬਦ ਦਾ ਇੱਕ ਲਿਖਤ ਜਾਂ ਇਲੈਕਟ੍ਰੌਨਿਕ ਰਿਕਾਰਡ ਪ੍ਰਾਪਤ ਕਰਨ ਦਾ; **ਅਤੇ**
5. ਤੁਹਾਡੀ ਚੋਣ ਤੇ, ਤੱਥਾਂ ਅਤੇ ਫੈਸਲਿਆਂ ਦਾ ਲਿਖਤ ਜਾਂ ਇਲੈਕਟ੍ਰੌਨਿਕ ਨਤੀਜੇ ਪ੍ਰਾਪਤ ਕਰਨ ਦਾ।

### ਜਾਣਕਾਰੀ ਦਾ ਵਾਧੂ ਪ੍ਰਗਟਾਵਾ

ਮੁਨਾਸਬ ਪ੍ਰਕਿਰਿਆ ਸੁਣਵਾਈ ਤੋਂ ਘੱਟੋ-ਘੱਟ ਪੰਜ ਕਾਰਜ ਦਿਨ ਪਹਿਲਾਂ, ਤੁਹਾਡੇ ਲਈ ਅਤੇ ਡਿਸਟ੍ਰਿਕਟ ਲਈ ਉਸ ਤਾਰੀਖ ਤੱਕ ਪੂਰੇ ਕੀਤੇ ਗਏ ਸਾਰੇ ਮੁਲਾਂਕਣਾਂ ਅਤੇ ਉਹਨਾਂ ਮੁਲਾਂਕਣਾਂ ਦੇ ਆਧਾਰ ਤੇ ਕੀਤੀਆਂ ਗਈਆਂ ਸਿਫਾਰਿਸ਼ਾਂ ਬਾਰੇ ਇੱਕ-ਦੂਜੇ ਨੂੰ ਦੱਸਣਾ ਲਾਜ਼ਮੀ ਹੈ, ਜੋ ਤੁਸੀਂ ਜਾਂ ਡਿਸਟ੍ਰਿਕਟ ਸੁਣਵਾਈ ਦੇ ਸਮੇਂ ਵਰਤਣਾ ਚਾਹੁੰਦੇ ਹੋ।

ALJ ਕਿਸੇ ਵੀ ਉਸ ਪਾਰਟੀ ਤੇ ਰੋਕ ਪਾ ਸਕਦਾ ਹੈ, ਜੋ ਹੋਰ ਪਾਰਟੀ ਦੀ ਸਹਿਮਤੀ ਦੇ ਬਿਨਾਂ ਸੁਣਵਾਈ ਦੇ ਸਮੇਂ ਸਬੰਧਿਤ ਮੁਲਾਂਕਣ ਦਾਂ ਸਿਫਾਰਿਸ਼ ਪੇਸ਼ ਕਰਨ ਦੀ ਇਸ ਸ਼ਰਤ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੀ ਹੈ।

### ਸੁਣਵਾਈਆਂ ਦੇ ਸਮੇਂ ਮਾਪਿਆਂ ਦੇ ਹੱਕ

ਤੁਹਾਨੂੰ ਇਹ ਹੱਕ ਦਿੱਤੇ ਲਾਜ਼ਮੀ ਹਨ:

1. ਆਪਣੇ ਬੱਚੇ ਨੂੰ ਪੇਸ਼ ਕਰਨ ਦਾ;
2. ਲੋਕਾਂ ਦੇ ਸਾਹਮਣੇ ਸੁਣਵਾਈ ਕਰਨ ਦਾ; ਅਤੇ,
3. ਸੁਣਵਾਈ ਦਾ ਰਿਕਾਰਡ, ਤੱਥਾਂ ਅਤੇ ਫੈਸਲਿਆਂ ਦੇ ਨਤੀਜੇ ਤੁਹਾਨੂੰ ਮੁਫਤ ਮੁਹੱਈਆ ਕੀਤੇ ਜਾਣ ਦਾ।

## ਸੁਣਵਾਈਆਂ ਦੀਆਂ ਸਮਾਂ ਸੀਮਾਵਾਂ ਅਤੇ ਸਹੂਲਤ

## 34 CFR §300.515; WAC 392-172-05110

ਹੱਲ ਮੀਟਿੰਗਾਂ ਲਈ 30-ਕੈਲੰਡਰ-ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ 45 ਕੈਲੰਡਰ ਦਿਨਾਂ ਤੱਕ **ਜਾਂ**, ਸਮਾਯੋਜਿਤ ਹੱਲ ਸਮਾਂ ਮਿਆਦ ਪੁੱਗਣ ਤੋਂ ਬਾਅਦ 45 ਕੈਲੰਡਰ ਦਿਨਾਂ ਤੱਕ:

1. ਸੁਣਵਾਈ ਵਿੱਚ ਆਖਰੀ ਫੈਸਲਾ ਕੀਤਾ ਜਾਂਦਾ ਹੈ; ਅਤੇ,
2. ਫੈਸਲੇ ਦੀ ਇੱਕ ਕਾਪੀ ਹਰੇਕ ਪਾਰਟੀ ਨੂੰ ਡਾਕ ਰਾਹੀਂ ਭੇਜੀ ਜਾਂਦੀ ਹੈ।

ALJ ਦੋਵਾਂ ਵਿੱਚੋਂ ਕਿਸੇ ਵੀ ਪਾਰਟੀ ਦੀ ਮੰਗ ਤੇ ਉੱਪਰ ਦਿੱਤੀ ਗਈ 45-ਕੈਲੰਡਰ-ਦਿਨਾਂ ਦੀ ਸਮਾਂ ਮਿਆਦ ਤੋਂ ਬਾਅਦ ਸਮੇਂ ਵਿੱਚ ਵਿਸ਼ੇਸ਼ ਵਾਧੇ ਦੀ ਮਨਜ਼ੂਰੀ ਦੇ ਸਕਦਾ ਹੈ।

ਹਰੇਕ ਸੁਣਵਾਈ ਉਸ ਸਮੇਂ ਅਤੇ ਥਾਂ ਤੇ ਹੀ ਕੀਤੀ ਜਾਣੀ ਲਾਜ਼ਮੀ ਹੈ, ਜਿੱਥੇ ਤੁਹਾਨੂੰ ਲਈ ਅਤੇ ਤੁਹਾਡੇ ਬੱਚੇ ਨੂੰ ਉਚਿਤ ਰੂਪ ਨਾਲ ਸਹੂਲਤ ਹੋਵੇ।

## <u>ਸੁਣਵਾਈ ਫੈਸਲੇ</u>
## <u>34 CFR § 300.513; WAC 392-172-05105</u>

### <u>ALJ ਦਾ ਫੈਸਲਾ</u>

ਇਸ ਬਾਰੇ ALJ ਦਾ ਫੈਸਲਾ ਕਿ ਤੁਹਾਡਾ ਬੱਚੇ ਨੇ ਇੱਕ ਮੁਫਤ ਢੁੱਕਵੀਂ ਸਰਕਾਰੀ ਸਿੱਖਿਆ (FAPE) ਪ੍ਰਾਪਤ ਕੀਤੀ ਹੈ ਜਾਂ ਨਹੀਂ, ਬੁਨਿਆਦੀ ਆਧਾਰਾਂ ਦੇ ਆਧਾਰ ਤੇ ਹੋਣਾ ਲਾਜ਼ਮੀ ਹੈ।

ਉਹਨਾਂ ਸੁਣਵਾਈਆਂ ਵਿੱਚ, ਜਿੱਥੇ ਤੁਸੀਂ ਇਹ ਦੋਸ਼ ਲਗਾਉਂਦੇ ਹੋ ਕਿ ਡਿਸਟ੍ਰਿਕਟ ਨੇ ਕਾਰਜਵਿਧੀ ਸਬੰਧੀ ਉਲੰਘਣਾ ਕੀਤੀ ਹੈ, ALJ ਸਿਰਫ ਤਾਂ ਹੀ ਇਹ ਪਤਾ ਲਗਾ ਸਕਦਾ ਹੈ ਕਿ ਤੁਹਾਡੇ ਬੱਚੇ ਨੇ FAPE ਪ੍ਰਾਪਤ ਨਹੀਂ ਕੀਤੀ ਹੈ, ਜੇਕਰ ਕਾਰਜਵਿਧੀ ਸਬੰਧੀ ਅਪੂਰਨਤਾਵਾਂ ਨਾਲ:

1. ਤੁਹਾਡੇ ਬੱਚੇ ਦੇ FAPE ਦੇ ਹੱਕ ਵਿੱਚ ਵਿਘਨ ਪਿਆ ਹੋਵੇ;
2. ਤੁਹਾਡੇ ਬੱਚੇ ਲਈ FAPE ਦੇ ਪ੍ਰਬੰਧ ਦੇ ਸਬੰਧ ਵਿੱਚ ਫੈਸਲਾ ਕਰਨ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਤੁਹਾਡੇ ਮੌਕੇ ਵਿੱਚ ਖ਼ਾਸ ਤੌਰ ਤੇ ਵਿਘਨ ਪਾਇਆ ਹੋਵੇ; **<u>ਜਾਂ</u>**,
3. ਇਸਨੇ ਸਿੱਖਿਅਕ ਫਾਇਦੇ ਤੋਂ ਵਾਂਝੇ ਕੀਤਾ ਹੋਵੇ।

**ਕੰਸਟ੍ਰਕਸ਼ਨ ਕਲਾਜ਼**

ਭਾਵੇਂ ALJ ਇਹ ਨਹੀਂ ਸਮਝਦਾ ਕਿ FAPE ਉਲੰਘਣਾ ਹੋਈ ਹੈ, ਤਦ ਵੀ ALJ ਡਿਸਟ੍ਰਿਕਟ ਨੂੰ IDEA (34 CFR §§300.500 ਤੋਂ 300.536 ਤੱਕ) ਦੇ ਪਾਰਟ ਬੀ ਦੇ ਅਧੀਨ ਫੈਡਰਲ ਰੈਗੁਲੇਸ਼ਨਸ ਦੇ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਅ ਭਾਗ ਵਿੱਚ ਦਿੱਤੀਆਂ ਸ਼ਰਤਾਂ ਦੀ ਪਾਲਣਾ ਕਰਨ ਦਾ ਹੁਕਮ ਦੇ ਸਕਦਾ ਹੈ।

**ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਵੱਖਰੀ ਮੰਗ**

ਤੁਸੀਂ ਪਹਿਲਾਂ ਹੀ ਫਾਈਲ ਕੀਤੀ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਤੋਂ ਵੱਖ ਕਿਸੇ ਮੁੱਦੇ ਤੇ ਇੱਕ ਵੱਖਰੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰ ਸਕਦੇ ਹੋ।

**ਸਲਾਹਕਾਰੀ ਪੈਨਲ ਅਤੇ ਆਮ ਜਨਤਾ ਲਈ ਨਤੀਜਾ ਅਤੇ ਫੈਸਲਾ**

OSPI ਕਿਸੇ ਵੀ ਨਿੱਜੀ ਰੂਪ ਨਾਲ ਪਛਾਣਯੋਗ ਜਾਣਕਾਰੀ ਨੂੰ ਮਿਟਾ ਦਿੰਦਾ ਹੈ ਅਤੇ:

1. ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿੱਚ ਪ੍ਰਾਪਤ ਨਤੀਜਿਆਂ ਅਤੇ ਫੈਸਲੇ ਵਾਸ਼ਿੰਗਟਨ ਦੀ ਸਪੈਸ਼ਨ ਐਜੂਕੇਸ਼ਨ ਐਜਵਾਈਜਰੀ ਕਮੇਟੀ (SEAC) ਨੂੰ ਮੁਹੱਈਆ ਕਰਦਾ ਹੈ; **ਅਤੇ**,
2. ਉਹ ਨਤੀਜੇ ਅਤੇ ਫੈਸਲੇ ਜਨਤਾ ਨੂੰ ਉਪਲਬਧ ਕਰਾਉਂਦਾ ਹੈ।

## ਫੈਸਲੇ ਦੀ ਅੰਤਿਮ ਸਥਿਤੀ; ਅਪੀਲ
## 34 CFR §300.514; WAC 392-172A-05115

ਮੁਨਾਸਬ ਪ੍ਰਕਿਰਿਆ ਸੁਣਵਾਈ (ਅਨੁਸ਼ਾਸਨ ਸਬੰਧੀ ਕਾਰਜਵਿਧੀਆਂ ਨਾਲ ਸਬੰਧਿਤ ਸੁਣਵਾਈ ਸਮੇਤ) ਵਿੱਚ ਲਿਆ ਗਿਆ ਫੈਸਲਾ ਅੰਤਿਮ ਹੁੰਦਾ ਹੈ, ਜਦੋਂ ਤੱਕ ਕਿ ਸੁਣਵਾਈ ਵਿੱਚ ਸ਼ਾਮਲ ਦੋਵਾਂ ਵਿੱਚੋਂ ਕੋਈ ਵੀ ਪਾਰਟੀ (ਤੁਸੀਂ ਜਾਂ ਡਿਸਟ੍ਰਿਕਟ) ਸਿਵਿਲ ਕਾਰਵਾਈ ਪੇਸ਼ ਕਰਕੇ ਫੈਸਲੇ ਤੇ ਅਪੀਲ ਕਰਦੀ ਹੈ, ਜਿਵੇਂ ਕਿ ਹੇਠਾਂ ਵਰਣਨ ਕੀਤਾ ਗਿਆ ਹੈ।

## ਸਿਵਿਲ ਕਾਰਵਾਈਆਂ, ਉਸ ਸਮਾਂ ਮਿਆਦ ਸਮੇਤ, ਜਿਸ ਵਿੱਚ ਉਹ ਕਾਰਵਾਈਆਂ ਫਾਈਲ ਕਰਨੀਆਂ ਹਨ 34 CFR §300.516; WAC 392-172A-05115

### ਸਧਾਰਨ

ਜੇਕਰ ਦੋਵਾਂ ਵਿੱਚੋਂ ਕੋਈ ਵੀ ਪਾਰਟੀ ਮੁਨਾਸਬ ਪ੍ਰਕਿਰਿਆ ਸੁਣਵਾਈ (ਅਨੁਸ਼ਾਸਨ ਸਬੰਧੀ ਕਾਰਜਵਿਧੀਆਂ ਨਾਲ ਸਬੰਧਿਤ ਸੁਣਵਾਈ ਸਮੇਤ) ਵਿੱਚ ਨਤੀਜਿਆਂ ਅਤੇ ਫੈਸਲੇ ਨਾਲ ਸਹਿਮਤ ਨਹੀਂ ਹੁੰਦੀ, ਤਾਂ ਉਸ ਪਾਰਟੀ ਨੂੰ ਉਸ ਮੁੱਦੇ ਦੇ ਸਬੰਧ ਵਿੱਚ ਇੱਕ ਸਿਵਿਲ ਕਾਰਵਾਈ ਪੇਸ਼ ਕਰਨ ਦਾ ਹੱਕ ਹੈ, ਜੋ ਮੁਨਾਸਬ ਪ੍ਰਕਿਰਿਆ ਸੁਣਵਾਈ ਦਾ ਵਿਸ਼ਾ ਸੀ। ਕਾਰਵਾਈ ਸਮਰੱਥਾ ਵਾਲੇ ਨਿਆਂ ਖੇਤਰ ਦੀ ਕਿਸੇ ਸਟੇਟ ਅਦਾਲਤ (ਇੱਕ ਸਟੇਟ ਅਦਾਲਤ ਜਿਸਨੂੰ ਇਸ ਪ੍ਰਕਾਰ ਦੇ ਮਾਮਲੇ ਦੀ ਸੁਣਵਾਈ ਕਰਨ ਦਾ ਅਧਿਕਾਰ ਹੈ) ਵਿੱਚ ਜਾਂ ਅਮਰੀਕਾ ਦੀ ਕਿਸੇ ਜਿਲ੍ਹਾ ਅਦਾਲਤ ਵਿੱਚ ਪੇਸ਼ ਕੀਤੀ ਜਾ ਸਕਦੀ ਹੈ। ਅਮਰੀਕਾ ਦੀਆਂ ਜਿਲ੍ਹਾ ਅਦਾਲਤਾਂ ਨੂੰ ਵਿਵਾਦ ਵਿੱਚ ਰਕਮ ਤੇ ਵਿਚਾਰ ਕੀਤੇ ਬਿਨਾਂ IDEA ਦੇ ਪਾਰਟ ਬੀ ਦੇ ਅਧੀਨ ਪੇਸ਼ ਕੀਤੀਆਂ ਗਈਆਂ ਕਾਰਵਾਈਆਂ ਤੇ ਫੈਸਲਾ ਦੇਣ ਦਾ ਅਧਿਕਾਰ ਹੁੰਦਾ ਹੈ।

### ਸਮਾਂ ਸੀਮਾ

ਕਾਰਵਾਈ ਪੇਸ਼ ਕਰਨ ਵਾਲੀ ਪਾਰਟੀ ਕੋਲ ਇੱਕ ਸਿਵਿਲ ਕਾਰਵਾਈ ਫਾਈਲ ਕਰਨ ਲਈ ALJ ਦੇ ਫੈਸਲੇ ਦੀ ਤਾਰੀਖ ਤੋਂ 90 ਕੈਲੰਡਰ ਦਿਨਾਂ ਦਾ ਸਮਾਂ ਹੋਵੇਗਾ।

## ਵਾਧੂ ਪ੍ਰਕਿਰਿਆਵਾਂ

ਕਿਸੇ ਵੀ ਸਿਵਿਲ ਕਾਰਵਾਈ ਵਿੱਚ, ਅਦਾਲਤ:

1. ਐਡਮਿਨਿਸਟ੍ਰੇਟਿਵ ਕਾਰਵਾਈਆਂ ਦੇ ਰਿਕਾਰਡ ਪ੍ਰਾਪਤ ਕਰਦੀ ਹੈ;
2. ਤੁਹਾਡੀ ਮੰਗ ਤੇ ਜਾਂ ਡਿਸਟ੍ਰਿਕਟ ਦੀ ਮੰਗ ਤੇ ਵਾਧੂ ਗਵਾਹੀਆਂ ਸੁਣਦੀ ਹੈ; **ਅਤੇ**,
3. ਗਵਾਹੀ ਦੀ ਬਹੁਲਤਾ ਤੇ ਆਪਣਾ ਫੈਸਲਾ ਆਧਾਰਿਤ ਕਰਦੀ ਹੈ ਅਤੇ ਰਾਹਤ ਦੀ ਮਨਜ਼ੂਰੀ ਦਿੰਦੀ ਹੈ ਜੋ ਅਦਾਲਤ ਢੁੱਕਵਾਂ ਹੋਣਾ ਨਿਰਧਾਰਤ ਕਰਦੀ ਹੈ।

## ਕੰਸਟ੍ਰਕਸ਼ਨ ਰੂਲ

IDEA ਦੇ ਪਾਰਟ ਬੀ ਵਿੱਚ ਕੋਈ ਵੀ ਤੱਥ ਅਮਰੀਕੀ ਸੰਵਿਧਾਨ ਦੇ 1990 ਦੇ ਅਮੈਰਿਕਨਸ ਵਿਦ ਡਿਸਐਬਿਲਿਟੀਜ ਐਕਟ, 1973 ਦੇ ਰਿਹੈਬਿਲਿਟੇਸ਼ਨ ਐਕਟ ਦੇ ਟਾਈਟਲ V (ਸੈਕਸ਼ਨ 504) ਜਾਂ ਅਪਾਹਜ ਵਿਦਿਆਰਥੀਆਂ ਦੇ ਹੱਕਾਂ ਦੀ ਰੱਖਿਆ ਕਰਨ ਵਾਲੇ ਫੈਡਰਲ ਕਨੂੰਨਾਂ ਦੇ ਅਧੀਨ ਉਪਲਬਧ ਹੱਕਾਂ, ਪ੍ਰਕਿਰਿਆਵਾਂ ਅਤੇ ਉਪਾਵਾਂ ਤੇ ਪਾਬੰਦੀ ਨਹੀਂ ਲਗਾਉਂਦਾ ਜਾਂ ਉਹਨਾਂ ਨੂੰ ਸੀਮਿਤ ਨਹੀਂ ਕਰਦਾ। ਹਾਲਾਂਕਿ, ਜੇਕਰ ਤੁਸੀਂ ਇਹਨਾਂ ਕਨੂੰਨਾਂ ਦੇ ਅਧੀਨ ਇੱਕ ਸਿਵਿਲ ਕਾਰਵਾਈ ਫਾਈਲ ਕਰ ਰਹੇ ਹੋ ਅਤੇ ਤੁਸੀਂ ਉਹ ਰਾਹਤ ਚਾਹੁੰਦੇ ਹੋ, ਜੋ IDEA ਦੇ ਪਾਰਟ ਬੀ ਦੇ ਅਧੀਨ ਵੀ ਉਪਲਬਧ ਹਨ, ਤਾਂ ਉੱਪਰ ਵਰਣਨ ਕੀਤੀਆਂ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ ਦਾ ਨਿਬੇੜਾ ਉਸੇ ਸੀਮਾ ਤੱਕ ਕੀਤਾ ਜਾਣਾ ਲਾਜ਼ਮੀ ਹੈ, ਜਿਵੇਂ ਤੁਹਾਡੇ ਵੱਲੋਂ IDEA ਦੇ ਪਾਰਟ ਬੀ ਦੇ ਅਧੀਨ ਕਾਰਵਾਈ ਫਾਈਲ ਕਰਨ ਲਈ ਲੋੜੀਂਦਾ ਹੁੰਦਾ। ਇਸਦਾ ਭਾਵ ਹੈ ਕਿ ਤੁਹਾਡੇ ਕੋਲ ਹੋਰ ਕਨੂੰਨਾਂ ਦੇ ਅਧੀਨ ਉਪਾਅ ਉਪਲਬਧ ਹੋ ਸਕਦੇ ਹਨ, ਜੋ IDEA ਦੇ ਅਧੀਨ ਉਪਲਬਧ ਉਪਾਵਾਂ ਨਾਲ ਪਰਸਪਰ-ਵਿਆਪੀ ਹਨ, ਪਰੰਤੂ ਆਮ ਤੌਰ ਤੇ, ਉਹਨਾਂ ਹੋਰਾਂ ਕਨੂੰਨਾਂ ਦੇ ਅਧੀਨ ਰਾਹਤ ਪ੍ਰਾਪਤ ਕਰਨ ਲਈ; ਤੁਹਾਨੂੰ ਸਿੱਧੇ ਅਦਾਲਤ ਵਿੱਚ ਜਾਣ ਤੋਂ ਪਹਿਲਾਂ IDEA ਦੇ ਅਧੀਨ ਉਪਲਬਧ ਉਪਾਅ ਪ੍ਰਾਪਤ ਕਰਨ ਲਈ ਪਹਿਲਾਂ ਨਿਰਪੱਖ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ ਦੀ ਵਰਤੋਂ ਕਰਨੀ ਪਵੇਗੀ।

# ਵਕੀਲ ਦੀ ਫੀਸ
# 34 CFR §300.517; WAC 392-172A-05120

## ਸਧਾਰਨ

ਜੇਕਰ ਤੁਸੀਂ ਸਿਵਿਲ ਕਾਰਵਾਈ ਵਿੱਚ ਪ੍ਰਬਲ ਰਹਿੰਦੇ (ਜਿੱਤਦੇ) ਹੋ ਅਤੇ ਕਿਸੇ ਵਕੀਲ ਵੱਲੋਂ ਤੁਹਾਡੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ, ਤਾਂ ਅਦਾਲਤ, ਆਪਣੇ ਵਿਵੇਕ ਨਾਲ, ਤੁਹਾਡੇ ਖਰਚਿਆਂ ਦੇ ਹਿੱਸੇ ਦੇ ਤੌਰ ਤੇ ਵਕੀਲ ਦੀ ਉਚਿਤ ਫੀਸ ਦਾ ਫੈਸਲਾ ਦੇ ਸਕਦੀ ਹੈ।

IDEA ਦੇ ਪਾਰਟ ਬੀ ਦੇ ਅਧੀਨ ਪੇਸ਼ ਕੀਤੀ ਗਈ ਕਿਸੇ ਵੀ ਕਾਰਵਾਈ ਜਾਂ ਪ੍ਰਕਿਰਿਆ ਵਿੱਚ, ਅਦਾਲਤ, ਆਪਣੇ ਵਿਵੇਕ ਨਾਲ, ਜਿੱਤਣ ਵਾਲੇ ਸਕੂਲ ਡਿਸਟ੍ਰਿਕਟ ਦੇ ਜਾਂ OSPI ਦੇ ਖਰਚਿਆਂ ਦੇ ਹਿੱਸੇ ਦੇ ਤੌਰ ਤੇ, ਵਕੀਲ ਦੀ ਉਚਿਤ ਫੀਸ, ਤੁਹਾਡੇ ਵਕੀਲ ਵੱਲੋਂ ਭੁਗਤਾਨ ਕੀਤੇ ਜਾਣ ਦਾ ਫੈਸਲਾ ਦੇ ਸਕਦੀ ਹੈ, ਜੇਕਰ ਵਕੀਲ ਨੇ: (a) ਇੱਕ ਅਜਿਹੀ ਸ਼ਿਕਾਇਤ ਜਾਂ ਅਦਾਲਤੀ ਮੁਕੱਦਮਾ ਦਾਇਰ ਕੀਤਾ ਹੈ, ਜਿਸਨੂੰ ਅਦਾਲਤ ਸਾਰਹੀਣ, ਅਨੁਚਿਤ ਜਾਂ ਬਿਨਾਂ ਆਧਾਰ ਦੇ ਮੰਨਦੀ ਹੈ; **ਜਾਂ**, (b) ਮੁਕੱਦਮੇ ਦੇ ਸਪਸ਼ਟ ਰੂਪ ਨਾਲ ਸਾਰਹੀਣ, ਅਨੁਚਿਤ ਜਾਂ ਬਿਨਾਂ ਆਧਾਰ ਦਾ ਬਣਨ ਤੋਂ ਬਾਅਦ ਵੀ ਮੁਕੱਦਮਾ ਲੜਨਾ ਜਾਰੀ ਰੱਖਿਆ ਹੈ; **ਜਾਂ**,

IDEA ਦੇ ਪਾਰਟ ਬੀ ਦੇ ਅਧੀਨ ਪੇਸ਼ ਕੀਤੀ ਗਈ ਕਿਸੇ ਵੀ ਕਾਰਵਾਈ ਜਾਂ ਪ੍ਰਕਿਰਿਆ ਵਿੱਚ, ਅਦਾਲਤ, ਆਪਣੇ ਵਿਵੇਕ ਨਾਲ, ਜਿੱਤਣ ਵਾਲੇ ਸਕੂਲ ਡਿਸਟ੍ਰਿਕਟ ਦੇ ਜਾਂ OSPI ਦੇ ਖਰਚਿਆਂ ਦੇ ਹਿੱਸੇ ਦੇ ਤੌਰ ਤੇ, ਵਕੀਲ ਦੀ ਉਚਿਤ ਫੀਸ, ਤੁਹਾਡੇ ਵਕੀਲ ਵੱਲੋਂ ਭੁਗਤਾਨ ਕੀਤੇ ਜਾਣ ਦਾ ਫੈਸਲਾ ਦੇ ਸਕਦੀ ਹੈ, ਜੇਕਰ ਮੁਨਾਸਬ ਪ੍ਰਕਿਰਿਆ ਸੁਣਵਾਈ ਲਈ ਤੁਹਾਡੀ ਮੰਗ ਜਾਂ ਬਾਅਦ ਵਿੱਚ ਅਦਾਲਤੀ ਮੁਕੱਦਮਾ ਕਿਸੇ ਵੀ ਗਲਤ ਉਦੇਸ਼ ਲਈ ਪੇਸ਼ ਕੀਤਾ ਗਿਆ ਸੀ, ਜਿਵੇਂ ਕਿ ਉਤਪੀੜਨ ਲਈ, ਗ਼ੈਰਜ਼ਰੂਰੀ ਦੇਰੀ ਕਰਨ ਲਈ, ਜਾਂ ਗ਼ੈਰਜ਼ਰੂਰੀ ਤੌਰ ਤੇ ਕਾਰਵਾਈ ਜਾਂ ਪ੍ਰਕਿਰਿਆ ਦੇ ਖਰਚ ਨੂੰ ਵਧਾਉਣ ਲਈ।

**ਫੀਸਾਂ ਦਾ ਅਦਾਲਤੀ ਫੈਸਲਾ**

ਵਕੀਲ ਦੀ ਫੀਸ ਉਸ ਭਾਈਚਾਰੇ ਵਿੱਚ ਪ੍ਰਚਲਿਤ ਰੇਟ ਦੇ ਅਧਾਰ ਤੇ ਹੋਣੀ ਲਾਜ਼ਮੀ ਹੈ, ਜਿਸ ਵਿੱਚ ਕਾਰਵਾਈ ਜਾਂ ਸੁਣਵਾਈ ਦਿੱਤੀਆਂ ਗਈਆਂ ਸੇਵਾਵਾਂ ਦੇ ਪ੍ਰਕਾਰ ਅਤੇ ਕੁਆਲਿਟੀ ਲਈ ਉਤਪੰਨ ਹੋਈ ਸੀ। ਅਦਾਲਤੀ ਫੈਸਲੇ ਦੀਆਂ ਫੀਸਾਂ ਦੀ ਗਣਨਾ ਵਿੱਚ ਕਿਸੇ ਬੋਨਸ ਜਾਂ ਮਲਟੀਪਲਾਇਰ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਵਕੀਲ ਦੀ ਫੀਸ ਤੁਹਾਨੂੰ ਨਿਪਟਾਰੇ ਦੀ ਇੱਕ ਲਿਖਤ ਪੇਸ਼ਕਸ਼ ਤੋਂ ਬਾਅਦ ਦਿੱਤੀਆਂ ਗਈਆਂ ਸੇਵਾਵਾਂ ਲਈ IDEA ਦੇ ਪਾਰਟ ਬੀ ਦੇ ਅਧੀਨ ਕਿਸੇ ਕਾਰਵਾਈ ਜਾਂ ਪ੍ਰਕਿਰਿਆ ਵਿੱਚ ਨਹੀਂ ਦਿੱਤੀ ਜਾ ਸਕਦੀ ਅਤੇ ਸਬੰਧਿਤ ਖਰਚਿਆਂ ਦੀ ਅਦਾਇਗੀ ਨਹੀਂ ਕੀਤੀ ਜਾ ਸਕਦੀ ਜੇਕਰ:

1. ਪੇਸ਼ਕਸ਼ ਸਿਵਿਲ ਪ੍ਰੋਸੀਜਰ ਦੇ ਫੈਡਰਲ ਰੂਲਸ ਦੇ ਰੂਲ 68 ਵੱਲੋਂ ਨਿਰਦਿਸ਼ਟ ਸਮੇਂ ਦੇ ਅੰਦਰ ਜਾਂ ਮੁਨਾਸਬ ਪ੍ਰਕਿਰਿਆ ਸੁਣਵਾਈ ਜਾਂ ਸਟੇਟ-ਪੱਧਰ ਦੀ ਸਮੀਖਿਆ ਦੀ ਸਥਿਤੀ ਵਿੱਚ, ਕਿਸੇ ਵੀ ਸਮੇਂ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ 10 ਕੈਲੰਡਰ ਦਿਨਾਂ ਤੋਂ ਵੱਧ ਕਿਸੇ ਵੀ ਸਮੇਂ ਵਿੱਚ ਕੀਤੀ ਜਾਂਦੀ ਹੈ;
2. ਪੇਸ਼ਕਸ਼ 10 ਕੈਲੰਡਰ ਦਿਨਾਂ ਦੇ ਅੰਦਰ ਸਵੀਕਾਰ ਨਹੀਂ ਕੀਤੀ ਜਾਂਦੀ ਹੈ; ਅਤੇ,
3. ਅਦਾਲਤ ਜਾਂ ALJ ਇਹ ਸਮਝਦਾ ਹੈ ਕਿ ਤੁਹਾਡੇ ਵੱਲੋਂ ਆਖਰਕਾਰ ਪ੍ਰਾਪਤ ਕੀਤੀ ਗਈ ਰਾਹਤ ਨਿਪਟਾਰੇ ਦੀ ਪੇਸ਼ਕਸ਼ ਦੇ ਮੁਕਾਬਲੇ ਤੁਹਾਡੇ ਲਈ ਵੱਧ ਅਨੁਕੂਲ ਨਹੀਂ ਹੈ।

ਇਹਨਾਂ ਬੰਦਸਾਂ ਦੇ ਬਾਵਜੂਦ, ਅਦਾਲਤ ਤੁਹਾਨੂੰ ਵਕੀਲ ਦੀ ਫੀਸ ਅਤੇ ਸਬੰਧਿਤ ਖਰਚੇ ਦੇ ਸਕਦੀ ਹੈ, ਜੇਕਰ ਤੁਸੀਂ ਜਿੱਤਦੇ ਹੋ ਅਤੇ ਤੁਸੀਂ ਮੂਲ ਰੂਪ ਵਿੱਚ ਨਿਪਟਾਰੇ ਦੀ ਪੇਸ਼ਕਸ਼ ਨੂੰ ਅਸਵੀਕਾਰ ਕਰਨ ਦੇ ਯੋਗ ਰਹੇ ਸੀ।

IEP ਟੀਮ ਦੀ ਕਿਸੇ ਵੀ ਮੀਟਿੰਗ ਨਾਲ ਸਬੰਧਿਤ ਵਕੀਲ ਦੀ ਫੀਸ ਨਹੀਂ ਦਿੱਤੀ ਜਾ ਸਕਦੀ, ਜਦੋਂ ਤੱਕ ਕਿ ਮੀਟਿੰਗ ਇੱਕ ਐਡਮਿਨਿਸਟ੍ਰੇਟਿਵ ਪ੍ਰਕਿਰਿਆ ਜਾਂ ਅਦਾਲਤੀ ਕਾਰਵਾਈ ਦੇ ਨਤੀਜੇ ਵਜੋਂ ਨਾ ਰੱਖੀ ਗਈ ਹੋਵੇ।

ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ ਦੇ ਅਧੀਨ ਲੋੜੀਂਦੀ ਇੱਕ ਹੱਲ ਮੀਟਿੰਗ ਨੂੰ ਇੱਕ ਐਡਮਿਨਿਸਟ੍ਰੇਟਿਵ ਪ੍ਰਕਿਰਿਆ ਜਾਂ ਅਦਾਲਤੀ ਕਾਰਵਾਈ ਦੇ ਨਤੀਜੇ ਵਜੋਂ ਰੱਖਣਾ ਨਹੀਂ ਮੰਨਿਆ ਜਾਂਦਾ ਅਤੇ ਇਸਨੂੰ ਵਕੀਲ ਦੀ ਫੀਸ ਦੀਆਂ ਇਹਨਾਂ ਸ਼ਰਤਾਂ ਦੇ ਉਦੇਸ਼ਾਂ ਲਈ ਇੱਕ ਐਡਮਿਨਿਸਟ੍ਰੇਟਿਵ ਪ੍ਰਕਿਰਿਆ ਜਾਂ ਅਦਾਲਤੀ ਕਾਰਵਾਈ ਵੀ ਨਹੀਂ ਮੰਨਿਆ ਜਾਂਦਾ।

ਅਦਾਲਤ IDEA ਦੇ ਪਾਰਟ ਬੀ ਦੇ ਅਧੀਨ ਫੈਸਲਾ ਦਿੱਤੀ ਗਈ ਵਕੀਲ ਦੀ ਫੀਸ ਦੀ ਰਕਮ ਨੂੰ ਘਟਾ ਸਕਦੀ ਹੈ, ਜਿਵੇਂ ਕਿ ਢੁੱਕਵਾਂ ਹੋਵੇ, ਜੇਕਰ ਅਦਾਲਤ ਇਹ ਸਮਝਦੀ ਹੈ ਕਿ:

1. ਤੁਸੀਂ ਜਾਂ ਤੁਹਾਡੇ ਵਕੀਲ ਨੇ, ਕਾਰਵਾਈ ਦੀ ਮਿਆਦ ਜਾਂ ਪ੍ਰਕਿਰਿਆ ਦੇ ਦੌਰਾਨ, ਵਿਵਾਦ ਦੇ ਅੰਤਿਮ ਨਿਬੇੜੇ ਵਿੱਚ ਅਨੁਚਿਤ ਰੂਪ ਨਾਲ ਦੇਰੀ ਕੀਤੀ;

2. ਵਕੀਲ ਦੀ ਫੀਸ ਦੀ ਰਕਮ ਕਿਸੇ ਹੋਰ ਤਰ੍ਹਾਂ ਨਾਲ ਦਿੱਤੇ ਜਾਣ ਲਈ ਅਧਿਕਾਰਤ ਰਕਮ ਤੋਂ ਉਚਿਤ ਰੂਪ ਨਾਲ ਇੱਕੋ ਜਿਹੀ ਕੁਸ਼ਲਤਾ, ਸਾਖ ਅਤੇ ਅਨੁਭਵ ਦੇ ਵਕੀਲਾਂ ਵੱਲੋਂ ਇੱਕੋ ਜਿਹੀਆਂ ਸੇਵਾਵਾਂ ਲਈ ਭਾਈਚਾਰੇ ਵਿੱਚ ਪ੍ਰਚਲਿਤ ਘੰਟੇ ਦੇ ਮੁਤਾਬਕ ਰੇਟ ਤੋਂ ਅਨੁਚਿਤ ਰੂਪ ਨਾਲ ਵੱਧ ਹੈ;
3. ਲਗਾਇਆ ਗਿਆ ਸਮਾਂ ਅਤੇ ਦਿੱਤੀਆਂ ਗਈਆਂ ਕਨੂੰਨੀ ਸੇਵਾਵਾਂ ਕਾਰਵਾਈ ਜਾਂ ਪ੍ਰਕਿਰਿਆ ਦੇ ਪ੍ਰਕਾਰ ਤੇ ਵਿਚਾਰ ਕਰਦੇ ਹੋਏ ਬਹੁਤ ਜ਼ਿਆਦਾ ਸਨ; **ਜਾਂ**,
4. ਤੁਹਾਡੀ ਪ੍ਰਤੀਨਿਧਤਾ ਕਰਨ ਵਾਲੇ ਵਕੀਲ ਨੇ ਡਿਸਟ੍ਰਿਕਟ ਨੂੰ ਮੁਨਾਸਬ ਪ੍ਰਕਿਰਿਆ ਮੰਗ ਨੋਟਿਸ ਵਿੱਚ ਢੁੱਕਵੀਂ ਜਾਣਕਾਰੀ ਮੁਹੱਈਆ ਨਹੀਂ ਕੀਤੀ ਜਿਵੇਂ ਕਿ ਸਿਰਲੇਖ ***ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ*** ਦੇ ਅਧੀਨ ਵਰਣਨ ਕੀਤਾ ਗਿਆ ਹੈ।

ਹਾਲਾਂਕਿ, ਅਦਾਲਤ ਫੀਸਾਂ ਘਟਾ ਸਕਦੀ ਹੈ ਜੇਕਰ ਅਦਾਲਤ ਇਹ ਸਮਝਦੀ ਹੈ ਕਿ ਸਟੇਟ ਜਾਂ ਸਕੂਲ ਡਿਸਟ੍ਰਿਕਟ ਨੇ ਅਨੁਚਿਤ ਰੂਪ ਨਾਲ ਕਾਰਵਾਈ ਜਾਂ ਪ੍ਰਕਿਰਿਆ ਦੇ ਅੰਤਿਮ ਹੱਲ ਵਿੱਚ ਦੇਰੀ ਕੀਤੀ ਸੀ ਜਾਂ IDEA ਦੇ ਪਾਰਟ ਬੀ ਦੀਆਂ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦੀਆਂ ਸ਼ਰਤਾਂ ਦੇ ਅਧੀਨ ਇੱਕ ਉਲੰਘਣਾ ਕੀਤੀ ਸੀ।

## ਵਿਸ਼ੇਸ਼ ਸਿੱਖਿਆ ਲਈ ਪਾਤਰ ਵਿਦਿਆਰਥੀਆਂ ਲਈ ਡਿਸਪਿਲਿਨ ਪ੍ਰਕਿਰਿਆਵਾਂ

ਤੁਹਾਡੇ ਬੱਚੇ ਲਈ ਪ੍ਰਦਾਨ ਕੀਤੇ ਗਏ ਵਿਸ਼ੇਸ਼ ਸਿੱਖਿਆ ਬਚਾਉ ਹਨ ਜਦੋਂ ਉਸਨੂੰ ਸਿੱਖਿਆ ਦਿੱਤੀ ਜਾਂਦੀ ਹੈ। ਇਹ ਬਚਾਉ ਉਹਨਾਂ ਡਿਸਪਿਲਿਨ ਪ੍ਰਕਿਰਿਆਵਾਂ ਤੋਂ ਇਲਾਵਾ ਹਨ, ਜੋ ਸਾਰੇ ਵਿਦਿਆਰਥੀਆਂ ਤੇ ਲਾਗੂ ਹੁੰਦੀਆਂ ਹਨ। ਇਹ ਬਚਾਉ ਉਹਨਾਂ ਵਿਦਿਆਰਥੀਆਂ ਤੇ ਵੀ ਲਾਗੂ ਹੁੰਦੇ ਹਨ, ਜਿਹਨਾਂ ਨੂੰ ਅਜੇ ਤੱਕ ਵਿਸ਼ੇਸ਼ ਸਿੱਖਿਆ ਲਈ ਪਾਤਰ ਨਹੀਂ ਪਾਇਆ ਗਿਆ ਹੈ, ਜੇਕਰ ਡਿਸਟ੍ਰਿਕਟ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਵਿਦਿਆਰਥੀ ਪਾਤਰ ਹੋਵੇਗਾ।

## ਸਕੂਲ ਦੇ ਕਰਮਚਾਰੀਆਂ ਦੀ ਅਥਾੱਰਿਟੀ
## 34 CFR §300.530; WAC 392-172A-05145

### ਵੱਖ-ਵੱਖ ਮਾਮਲੇ ਦਾ ਫੈਸਲਾ

ਸਕੂਲ ਦੇ ਕਰਮਚਾਰੀ ਇਹ ਨਿਰਧਾਰਤ ਕਰਨ ਵੇਲੇ ਵੱਖ-ਵੱਖ ਮਾਮਲੇ ਦੇ ਆਧਾਰ ਤੇ ਕਿਸੇ ਵੀ ਵਿਲੱਖਣ ਸਥਿਤੀਆਂ ਤੇ ਵਿਚਾਰ ਕਰ ਸਕਦੇ ਹਨ ਕਿ ਪਲੇਸਮੈਂਟ ਦੀ ਤਬਦੀਲੀ ਹੋਈ ਹੈ ਜਾਂ ਨਹੀਂ, ਇਹ ਡਿਸਪਿਲਿਨ ਨਾਲ ਸਬੰਧਿਤ ਹੇਠਾਂ ਦਿੱਤੀਆਂ ਸ਼ਰਤਾਂ ਦੇ ਮੁਤਾਬਕ ਕੀਤੀ ਗਈ ਹੈ ਜਾਂ ਨਹੀਂ, ਤੁਹਾਡੇ ਬੱਚੇ ਲਈ ਢੁੱਕਵੀਂ ਹੈ ਜਾਂ ਨਹੀਂ, ਜੋ ਵਿਦਿਆਰਥੀ ਆਚਰਨ ਦੇ ਸਕੂਲ ਕੋਡ ਦੀ ਉਲੰਘਣਾ ਕਰਦਾ ਹੈ।

### ਸਧਾਰਨ

ਜਿਸ ਸੀਮਾ ਤੱਕ ਉਹ ਬਿਨਾਂ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਲਈ ਅਜਿਹੀ ਕਾਰਵਾਈ ਵੀ ਕਰ ਸਕਦੇ ਹਨ, ਸਕੂਲ ਦੇ ਕਰਮਚਾਰੀ ਲਗਾਤਾਰ, **10 ਤੋਂਂ ਵੱਧ ਸਕੂਲ ਦਿਨਾਂ** ਤੱਕ, ਤੁਹਾਡੇ ਬੱਚੇ ਨੂੰ, ਜਦੋਂ ਉਹ ਵਿਦਿਆਰਥੀ ਆਚਰਨ ਦੇ ਕੋਡ ਦੀ ਉਲੰਘਣਾ ਕਰਦਾ ਜਾਂ ਕਰਦੀ ਹੈ, ਉਸਦੀ ਮੌਜੂਦਾ ਪਲੇਸਮੈਂਟ ਤੋਂ ਹਟਾ ਕੇ ਇੱਕ ਢੁੱਕਵੀਂ ਅੰਤਰਿਮ ਵਿਕਲਪਿਕ ਸਿੱਖਿਅਕ ਥਾਂ, ਹੋਰ ਥਾਂ ਤੇ ਭੇਜ ਸਕਦੇ ਹਨ ਜਾਂ ਤੁਹਾਡੇ ਬੱਚੇ ਨੂੰ ਸਸਪੈਂਡ ਕਰ ਸਕਦੇ ਹਨ। ਸਕੂਲ ਦੇ ਕਰਮਚਾਰੀ ਦੁਰਵਿਹਾਰ ਦੀਆਂ ਵੱਖਰੀਆਂ ਘਟਨਾਵਾਂ ਲਈ ਉਸ ਇੱਕੋ ਸਾਲ ਵਿੱਚ ਲਗਾਤਾਰ, **10 ਤੋਂ ਵੱਧ ਸਕੂਲ ਦਿਨਾਂ** ਤੱਕ ਤੁਹਾਡੇ ਬੱਚੇ ਤੇ ਵਾਧੂ ਸਥਾਨਾਂਤਰਣ ਲਾਗੂ ਕਰ ਸਕਦੇ ਹਨ; ਜਦੋਂ ਤੱਕ ਉਹ ਸਥਾਨਾਂਤਰਣ ਪਲੇਸਮੈਂਟ ਦੀ ਤਬਦੀਲੀ ਕਾਇਮ ਨਹੀਂ ਕਰਦੇ (ਪਰਿਭਾਸ਼ਾ ਲਈ, ਹੇਠਾਂ ***ਅਨੁਸ਼ਾਸਨ ਸਬੰਧੀ ਸਥਾਨਾਂਤਰਣਾਂ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ*** ਦੇਖੋ)।

ਜਦੋਂ ਤੁਹਾਡੇ ਬੱਚੇ ਨੂੰ ਇੱਕੋ ਸਕੂਲ ਸਾਲ ਵਿੱਚ ਕੁੱਲ **10 ਸਕੂਲ ਦਿਨਾਂ** ਤੱਕ ਉਸਦੇ ਮੌਜੂਦਾ ਪਲੇਸਮੈਂਟ ਤੋਂ ਹਟਾਇਆ ਗਿਆ ਹੋਵੇ, ਤਾਂ ਡਿਸਟ੍ਰਿਕਟ ਲਈ ਲਾਜ਼ਮੀ ਹੈ ਕਿ ਉਹ, ਉਸ ਸਕੂਲ ਸਾਲ ਵਿੱਚ ਸਥਾਨਾਂਤਰਣ ਦੇ ਕਿਸੇ ਵੀ ਅਗਲੇ ਦਿਨਾਂ ਦੇ ਦੌਰਾਨ, ਹੇਠਾਂ ਉਪ-ਸਿਰਲੇਖ ***ਸੇਵਾਵਾਂ*** ਦੇ ਅਧੀਨ ਲੋੜੀਂਦੀ ਸੀਮਾ ਤੱਕ ਸੇਵਾਵਾਂ ਮੁਹੱਈਆ ਕਰੇ।

## <u>ਵਾਧੂ ਅਥਾੱਰਿਟੀ</u>

ਜੇਕਰ ਵਿਵਹਾਰ, ਜਿਸਨੇ ਵਿਦਿਆਰਥੀ ਕੋਡ ਆਚਰਨ ਦੀ ਉਲੰਘਣਾ ਕੀਤੀ ਸੀ, ਤੁਹਾਡੇ ਬੱਚੇ ਦੇ ਅਪਾਹਜਪੁਣੇ ਦਾ ਪ੍ਰਗਟਾਵਾ ਨਹੀਂ ਸੀ (ਹੇਠਾਂ, ***ਪ੍ਰਗਟਾਵਾ ਨਿਰਧਾਰਨ*** ਦੇਖੋ) ਅਤੇ ਪਲੇਸਮੈਂਟ ਦੀ ਅਨੁਸ਼ਾਸਨ ਸਬੰਧੀ ਤਬਦੀਲੀ ਲਗਾਤਾਰ **10 ਸਕੂਲ ਦਿਨਾਂ** ਲਈ ਵਧਾਈ ਗਈ ਸੀ, ਤਾਂ ਸਕੂਲ ਦੇ ਕਰਮਚਾਰੀ ਤੁਹਾਡੇ ਬੱਚੇ ਤੇ ਉਸੇ ਪ੍ਰਕਾਰ ਅਤੇ ਉਸੇ ਮਿਆਦ ਤੱਕ ਅਨੁਸ਼ਾਸਨ ਸਬੰਧੀ ਕਾਰਵਾਈਆਂ ਲਾਗੂ ਕਰ ਸਕਦੇ ਹਨ, ਜਿਵੇਂ ਕਿ ਇਹ ਬਿਨਾਂ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਤੇ ਲਾਗੂ ਹੁੰਦੀਆਂ, ਸਿਵਾਏ ਇਸਦੇ ਕਿ ਸਕੂਲ ਲਈ ਤੁਹਾਡੇ ਬੱਚੇ ਨੂੰ ਸੇਵਾਵਾਂ ਮੁਹੱਈਆ ਕਰਨੀਆਂ ਲਾਜ਼ਮੀ ਹਨ ਜਿਵੇਂ ਕਿ ਹੇਠਾਂ ***ਸੇਵਾਵਾਂ*** ਦੇ ਅਧੀਨ ਵਰਣਨ ਕੀਤਾ ਗਿਆ ਹੈ। ਇਸ ਸਥਿਤੀ ਵਿੱਚ ਤੁਹਾਡੇ ਬੱਚੇ ਦੀ IEP ਟੀਮ ਤੁਹਾਡੇ ਬੱਚੇ ਲਈ ਸੇਵਾਵਾਂ ਲਈ ਅੰਤਰਿਮ ਵਿਕਲਪਿਕ ਸਿੱਖਿਅਕ ਥਾਂ ਨਿਰਧਾਰਤ ਕਰਦੀ ਹੈ।

## <u>ਸੇਵਾਵਾਂ</u>

ਸੇਵਾਵਾਂ, ਜੋ ਤੁਹਾਡੇ ਬੱਚੇ ਨੂੰ ਉਦੋਂ ਮੁਹੱਈਆ ਕੀਤੀਆਂ ਜਾਣੀਆਂ ਲਾਜ਼ਮੀ ਹਨ, ਜਦੋਂ ਉਸਨੂੰ ਉਸਦੇ ਮੌਜੂਦਾ ਪਲੇਸਮੈਂਟ ਵਿੱਚੋਂ ਹਟਾ ਲਿਆ ਗਿਆ ਹੋਵੇ, ਅੰਤਰਿਮ ਵਿਕਲਪਿਕ ਸਿੱਖਿਅਕ ਥਾਂ ਤੇ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ।

ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਉਦੋਂ ਸੇਵਾਵਾਂ ਮੁਹੱਈਆ ਕਰਨ ਦੀ ਲੋੜ ਨਹੀਂ ਹੁੰਦੀ, ਜੇਕਰ ਉਸਨੂੰ ਉਸ ਸਕੂਲ ਸਾਲ ਵਿੱਚ **10 ਜਾਂ ਘੱਟ ਸਕੂਲ ਦਿਨਾਂ** ਤੱਕ ਉਸਦੇ ਮੌਜੂਦਾ ਪਲੇਸਮੈਂਟ ਵਿੱਚੋ ਹਟਾ ਲਿਆ ਗਿਆ ਹੋਵੇ, ਜਦੋਂ ਤੱਕ ਕਿ ਇਹ ਬਿਨਾਂ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਨੂੰ ਸੇਵਾਵਾਂ ਮੁਹੱਈਆ ਨਹੀਂ ਕਰਦਾ, ਜਿਹਨਾਂ ਨੂੰ ਉਸੇ ਤਰ੍ਹਾਂ ਹਟਾ ਲਿਆ ਗਿਆ ਹੈ।

ਜੇਕਰ ਤੁਹਾਡੇ ਬੱਚੇ ਨੂੰ **10 ਤੋਂ ਵੱਧ ਸਕੂਲ ਦਿਨਾਂ** ਤੱਕ ਉਸਦੇ ਮੌਜੂਦਾ ਪਲੇਸਮੈਂਟ ਤੋਂ ਹਟਾ ਲਿਆ ਗਿਆ ਹੈ ਤਾਂ ਤੁਹਾਡੇ ਬੱਚੇ ਲਈ ਲਾਜ਼ਮੀ ਹੈ ਕਿ:

1. ਉਹ ਲਗਾਤਾਰ ਸਿੱਖਿਅਕ ਸੇਵਾਵਾਂ ਪ੍ਰਾਪਤ ਕਰੇ, ਤਾਂ ਜੋ ਇਹ ਤੁਹਾਡੇ ਬੱਚੇ ਨੂੰ ਲਗਾਤਾਰ ਆਮ ਸਿੱਖਿਆ ਪਾਠਕ੍ਰਮ ਵਿੱਚ ਹਿੱਸਾ ਲੈਣਾ ਜਾਰੀ ਰੱਖਣ ਲਈ, ਦੂਜੀ ਥਾਂ ਤੇ ਵੀ, ਅਤੇ ਉਸਦੀ IEP ਵਿੱਚ ਤੈਅ ਕੀਤੇ ਟੀਚਿਆਂ ਨੂੰ ਪੂਰਾ ਕਰਨ ਦੇ ਪ੍ਰਤੀ ਤਰੱਕੀ ਕਰਨ ਦੇ ਯੋਗ ਬਣਾਵੇ; <u>**ਅਤੇ**</u>,
2. ਜੇਕਰ ਤੁਹਾਡੇ ਬੱਚੇ ਦਾ ਵਿਵਹਾਰ ਉਸਦੇ ਅਪਾਹਜਪੁਣੇ ਦਾ ਪ੍ਰਗਟਾਵਾ ਨਹੀਂ ਸੀ, ਤਾਂ ਉਸ ਲਈ ਵਿਵਹਾਰ ਸਬੰਧੀ ਫੰਕਸ਼ਨਲ ਮੁਲਾਂਕਣ ਅਤੇ ਵਿਵਹਾਰ ਸਬੰਧੀ ਦਖਲ ਸੇਵਾਵਾਂ ਅਤੇ ਸੰਸ਼ੋਧਨ ਪ੍ਰਾਪਤ ਕਰਨੇ ਲਾਜ਼ਮੀ ਹਨ, ਜਿਵੇਂ ਢੁੱਕਵਾਂ ਹੋਵੇ, ਜੋ ਉਲੰਘਣਾ ਦੇ ਵਿਵਹਾਰ ਦਾ ਪਤਾ ਲਗਾਉਣ ਲਈ ਤਿਆਰ ਕੀਤੇ ਗਏ ਹਨ ਤਾਂ ਜੋ ਇਹ ਦੁਬਾਰਾ ਨਾ ਵਾਪਰੇ।

ਤੁਹਾਡੇ ਬੱਚੇ ਨੂੰ ਉਸ ਇੱਕੋ ਸਕੂਲ ਸਾਲ ਵਿੱਚ **10 ਸਕੂਲ ਦਿਨਾਂ** ਤੱਕ ਉਸਦੇ ਮੌਜੂਦਾ ਪਲੇਸਮੈਂਟ ਤੋਂ ਹਟਾਏ ਜਾਣ ਤੋਂ ਬਾਅਦ, ਅਤੇ <u>**ਜੇਕਰ**</u> ਮੌਜੂਦਾ ਸਥਾਨਾਂਤਰਣ ਲਗਾਤਾਰ ਜਾਂ ਘੱਟ **10 ਸਕੂਲ ਦਿਨਾਂ** ਤੱਕ ਹੈ, <u>**ਅਤੇ**</u>, ਜੇਕਰ ਸਥਾਨਾਂਤਰਣ ਪਲੇਸਮੈਂਟ ਦੀ ਤਬਦੀਲੀ ਕਰਨ ਲਈ ਨਿਰਧਾਰਤ ਨਹੀਂ ਕੀਤਾ ਗਿਆ ਹੈ (ਹੇਠਾਂ ਪਰਿਭਾਸ਼ਾ ਦੇਖੋ), <u>**ਤਾਂ**</u>, ਸਕੂਲ ਦੇ ਕਰਮਚਾਰੀ, ਤੁਹਾਡੇ ਬੱਚੇ ਦੇ ਘੱਟੋ-ਘੱਟ ਇੱਕ ਅਧਿਆਪਕ ਦੇ ਮਸ਼ਵਰੇ ਨਾਲ, ਨਿਰਧਾਰਤ ਕਰਨਗੇ ਕਿ ਆਮ ਸਿੱਖਿਆ ਪਾਠਕ੍ਰਮ ਵਿੱਚ ਹਿੱਸਾ ਲੈਣ ਜਾਰੀ ਰੱਖਣ ਲਈ, ਦੂਜੀ ਥਾਂ ਤੇ ਵੀ, ਅਤੇ ਉਸਦੀ IEP ਵਿੱਚ ਤੈਅ ਕੀਤੇ ਟੀਚਿਆਂ ਨੂੰ ਪੂਰਾ ਕਰਨ ਦੇ ਪ੍ਰਤੀ ਤਰੱਕੀ ਕਰਨ ਦੇ ਯੋਗ ਬਣਾਉਣ ਲਈ ਸੇਵਾਵਾਂ ਕਿਸ ਸੀਮਾ ਤੱਕ ਲੋੜੀਂਦੀਆਂ ਹਨ।

ਜੇਕਰ ਸਥਾਨਾਂਤਰਣ ਪਲੇਸਮੈਂਟ ਦੀ ਤਬਦੀਲੀ ਹੈ (ਹੇਠਾਂ ਪਰਿਭਾਸ਼ਾ ਦੇਖੋ), ਤਾਂ ਤੁਹਾਡੇ ਬੱਚੇ ਦੀ IEP ਟੀਮ ਤੁਹਾਡੇ ਬੱਚੇ ਨੂੰ ਲਗਾਤਾਰ ਆਮ ਸਿੱਖਿਆ ਪਾਠਕ੍ਰਮ ਵਿੱਚ ਹਿੱਸਾ ਲੈਣਾ ਜਾਰੀ ਰੱਖਣ ਲਈ, ਦੂਜੀ ਥਾਂ ਤੇ ਵੀ, ਅਤੇ ਉਸਦੀ IEP ਵਿੱਚ ਤੈਅ ਕੀਤੇ ਟੀਚਿਆਂ ਨੂੰ ਪੂਰਾ ਕਰਨ ਦੇ ਪ੍ਰਤੀ ਤਰੱਕੀ ਕਰਨ ਦੇ ਯੋਗ ਬਣਾਉਣ ਲਈ ਢੁੱਕਵੀਆਂ ਸੇਵਾਵਾਂ ਨਿਰਧਾਰਤ ਕਰਦੀ ਹੈ।

## <u>ਅਨੁਸ਼ਾਸਨ ਸਬੰਧੀ ਸਥਾਨਾਂਤਰਣਾਂ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ</u>

## <u>34 CFR §300.536; WAC 392-172A-05155</u>

ਤੁਹਾਡੇ ਬੱਚੇ ਦੇ ਮੌਜੂਦਾ ਸਿੱਖਿਅਕ ਪਲੇਸਮੈਂਟ ਵਿੱਚੋਂ ਉਸਦਾ ਸਥਾਨਾਂਤਰਣ **ਪਲੇਸਮੈਂਟ ਦੀ ਤਬਦੀਲੀ** ਹੈ ਜੇਕਰ:

1. ਸਥਾਨਾਂਤਰਣ ਲਗਾਤਾਰ 10 ਤੋਂ ਵੱਧ ਸਕੂਲ ਦਿਨਾਂ ਤੱਕ ਹੈ; **<u>ਜਾਂ</u>**,
2. ਤੁਹਾਡਾ ਬੱਚਾ ਸਥਾਨਾਂਤਰਣਾਂ ਦੇ ਇੱਕ ਸੀਰੀਜ ਦੇ ਅਧੀਨ ਹੈ ਜੋ ਇੱਕ ਪੈਟਰਨ ਕਾਇਮ ਕਰਦਾ ਹੈ ਕਿਉਂਕਿ:
   a. ਸਥਾਨਾਂਤਰਣਾਂ ਦੀ ਸੀਰੀਜ ਦਾ ਜੋੜ ਇੱਕ ਸਕੂਲ ਸਾਲ ਵਿੱਚ 10 ਸਕੂਲ ਦਿਨਾਂ ਤੋਂ ਵੱਧ ਹੈ;
   b. ਤੁਹਾਡੇ ਬੱਚੇ ਦਾ ਵਿਵਹਾਰ ਮੂਲ ਰੂਪ ਵਿੱਚ ਪਿਛਲੀਆਂ ਘਟਨਾਵਾਂ ਵਿਚਲੇ ਉਸਦੇ ਵਿਵਹਾਰ ਵਾਂਗ ਹੀ ਹੈ, ਜਿਹਨਾਂ ਦੇ ਨਤੀਜਾ ਸਥਾਨਾਂਤਰਣਾਂ ਦੀ ਸੀਰੀਜ ਸੀ; **<u>ਅਤੇ</u>**,
   c. ਇਹ ਵਿਚਾਰ ਕੀਤੇ ਗਏ ਵਾਧੂ ਕਾਰਕ ਹਨ ਜਿਵੇਂ ਕਿ ਹਰੇਕ ਸਥਾਨਾਂਤਰਣ ਦੀ ਮਿਆਦ, ਕੁੱਲ ਕਿੰਨੀ ਵਾਰ ਤੁਹਾਡੇ ਬੱਚੇ ਨੂੰ ਹਟਾਇਆ ਗਿਆ ਹੈ ਅਤੇ ਇੱਕ ਦੂਜੇ ਦੇ ਨਾਲ ਸਥਾਨਾਂਤਰਣਾਂ ਦੀ ਨਿਕਟਤਾ।

ਸਕੂਲ ਡਿਸਟ੍ਰਿਕਟ ਨਿਰਧਾਰਤ ਕਰਦਾ ਹੈ ਕਿ ਸਥਾਨਾਂਤਰਣਾਂ ਦਾ ਪੈਟਰਨ ਵੱਖ-ਵੱਖ ਮਾਮਲੇ ਦੇ ਆਧਾਰ ਤੇ ਪਲੇਸਮੈਂਟ ਵਿੱਚ ਤਬਦੀਲੀ ਸਥਾਪਤ ਕਰਦਾ ਹੈ ਜਾਂ ਨਹੀਂ ਅਤੇ, ਜੇਕਰ ਤੁਹਾਡੇ ਵੱਲੋਂ ਚੁਣੌਤੀ ਦਿੱਤੀ ਗਈ ਹੈ, ਤਾਂ ਇਹ ਮੁਨਾਸਬ ਪ੍ਰਕਿਰਿਆ ਅਤੇ ਨਿਆਂ ਸਬੰਧੀ ਕਾਰਵਾਈਆਂ ਰਾਹੀਂ ਸਮੀਖਿਆ ਦੇ ਅਧੀਨ ਹੈ ਜਾਂ ਨਹੀਂ।

### <u>ਸੂਚਨਾ</u>

ਜਿਸ ਤਾਰੀਖ ਨੂੰ ਡਿਸਟ੍ਰਿਕਟ ਇੱਕ ਸਥਾਨਾਂਤਰਣ ਕਰਨ ਦਾ ਫੈਸਲਾ ਕਰਦਾ ਹੈ, ਜੋ ਤੁਹਾਡੇ ਬੱਚੇ ਲਈ ਵਿਦਿਆਰਥੀ ਆਚਰਨ ਕੋਡ ਦੀ ਉਲੰਘਣਾ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ ਹੈ, ਤਾਂ ਉਸ ਲਈ ਲਾਜ਼ਮੀ ਹੈ ਕਿ ਉਸ ਫੈਸਲੇ ਬਾਰੇ ਤੁਹਾਨੂੰ ਸੂਚਿਤ ਕਰੇ ਅਤੇ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਦਾ ਇੱਕ ਨੋਟਿਸ ਮੁਹੱਈਆ ਕਰੇ।

### <u>ਪ੍ਰਗਟਾਵਾ ਨਿਰਧਾਰਨ</u>

ਤੁਹਾਡੇ ਬੱਚੇ ਵੱਲੋਂ ਵਿਦਿਆਰਥੀ ਆਚਰਨ ਕੋਡ ਦੀ ਉਲੰਘਣਾ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ (***ਅਨੁਸ਼ਾਸਨ ਸਬੰਧੀ ਸਥਾਨਾਂਤਰਣਾਂ ਦੇ ਕਾਰਨ ਪਲੇਸਮੈਂਟ ਦੀ ਤਬਦੀਲੀ*** ਦੇਖੋ) ਦੇ ਕਿਸੇ ਵੀ ਫੈਸਲੇ ਦੇ **10 ਸਕੂਲ ਦਿਨਾਂ** ਦੇ ਅੰਦਰ, ਡਿਸਟ੍ਰਿਕਟ ਅਤੇ ਤੁਹਾਡੇ ਵੱਲੋਂ ਅਤੇ ਡਿਸਟ੍ਰਿਕਟ ਵੱਲੋਂ ਨਿਰਧਾਰਤ ਕੀਤੇ, IEP ਟੀਮ ਦੇ ਸਬੰਧਿਤ ਮੈਂਬਰਾਂ ਲਈ ਲਾਜ਼ਮੀ ਹੈ ਕਿ ਉਹ ਤੁਹਾਡੇ ਬੱਚੇ ਦੀ ਫਾਈਲ ਵਿਚਲੀ ਸਾਰੀ ਮਹੱਤਵਪੂਰਣ ਜਾਣਕਾਰੀ, ਉਸਦੀ IEP ਸਮੇਤ, ਕਿਸੇ ਵੀ ਅਧਿਆਪਕ ਦੇ ਨਿਰੀਖਣਾਂ ਅਤੇ ਇਹ ਨਿਰਧਾਰਤ ਕਰਨ ਲਈ ਤੁਹਾਡੇ ਵੱਲੋਂ ਮੁਹੱਈਆ ਕੀਤੀ ਕਿਸੇ ਵੀ ਮਹੱਤਵਪੂਰਣ ਜਾਣਕਾਰੀ ਦੀ ਸਮੀਖਿਆ ਕਰਨ ਕਿ:

1. ਕੀ ਪੁੱਛ ਅਧੀਨ ਆਚਰਨ ਤੁਹਾਡੇ ਬੱਚੇ ਦੇ ਅਪਾਹਜਪੁਣੇ ਦੇ ਕਾਰਨ ਸੀ ਜਾਂ ਉਸ ਨਾਲ ਇਸਦਾ ਸਿੱਧਾ ਅਤੇ ਮਹੱਤਵਪੂਰਣ ਸਬੰਧ ਸੀ; **ਜਾਂ**,
2. ਕੀ ਪੁੱਛ ਅਧੀਨ ਆਚਰਨ ਡਿਸਟ੍ਰਿਕਟ ਵੱਲੋਂ ਤੁਹਾਡੇ ਬੱਚੇ ਦੀ IEP ਲਾਗੂ ਕਰਨ ਵਿੱਚ ਅਸਫਲਤਾ ਦੇ ਸਿੱਧੇ ਨਤੀਜੇ ਵਜੋਂ ਸੀ।

ਜੇਕਰ ਤੁਹਾਡੇ ਬੱਚੇ ਦੀ IEP ਟੀਮ ਦੇ ਸਬੰਧਿਤ ਮੈਂਬਰ, ਤੁਹਾਡੇ ਸਮੇਤ, ਇਹ ਨਿਰਧਾਰਤ ਕਰਦੇ ਹਨ ਕਿ ਉਹਨਾਂ ਦੋਵਾਂ ਸ਼ਰਤਾਂ ਵਿੱਚੋਂ ਕੋਈ ਇੱਕ ਪੂਰੀ ਕੀਤੀ ਗਈ ਸੀ, ਤਾਂ ਆਚਰਨ ਨੂੰ ਤੁਹਾਡੇ ਬੱਚੇ ਦੇ ਅਪਾਹਜਪੁਣੇ ਦਾ ਪ੍ਰਗਟਾਵਾ ਹੋਣਾ ਨਿਰਧਾਰਤ ਕੀਤਾ ਜਾਣਾ ਲਾਜ਼ਮੀ ਹੈ।

ਜੇਕਰ ਉੱਪਰ ਵਰਣਨ ਕੀਤਾ ਸਮੂਹ ਨਿਰਧਾਰਤ ਕਰਦਾ ਹੈ ਕਿ ਪੁੱਛ ਅਧੀਨ ਆਚਰਨ ਡਿਸਟ੍ਰਿਕਟ ਵੱਲੋਂ IEP ਲਾਗੂ ਕਰਨ ਵਿੱਚ ਅਸਫਲਤਾ ਦੇ ਸਿੱਧੇ ਨਤੀਜੇ ਵਜੋਂ ਸੀ, ਤਾਂ ਡਿਸਟ੍ਰਿਕਟ ਲਈ ਉਹਨਾਂ ਕਮੀਆਂ ਨੂੰ ਪੂਰਾ ਕਰਨ ਲਈ ਤੁਰੰਤ ਕਾਰਵਾਈ ਕਰਨਾ ਲਾਜ਼ਮੀ ਹੈ।

<u>ਇਹ ਨਿਰਧਾਰਨ ਕਿ ਵਿਵਹਾਰ ਵਿਦਿਆਰਥੀ ਦੇ ਅਪਾਹਜਪੁਣੇ ਦਾ ਪ੍ਰਗਟਾਵਾ ਸੀ</u>

ਜਦੋਂ ਇਹ ਸਮੂਹ, ਜਿਸ ਵਿੱਚ ਤੁਸੀਂ ਵੀ ਸ਼ਾਮਲ ਹੋ, ਨਿਰਧਾਰਤ ਕਰਦਾ ਹੈ ਕਿ ਆਚਰਨ ਤੁਹਾਡੇ ਬੱਚੇ ਦੇ ਅਪਾਹਜਪੁਣੇ ਦਾ ਪ੍ਰਗਟਾਵਾ ਸੀ, ਤਾਂ IEP ਟੀਮ ਲਈ ਲਾਜ਼ਮੀ ਹੈ ਕਿ ਉਹ:

1. ਵਿਵਹਾਰ ਸਬੰਧੀ ਫੰਕਸ਼ਨਲ ਮੁਲਾਂਕਣ ਕਰੇ, ਜੇਕਰ ਡਿਸਟ੍ਰਿਕਟ ਨੇ ਉਸ ਵਿਵਹਾਰ ਤੋਂ ਪਹਿਲਾਂ ਵਿਵਹਾਰ ਸਬੰਧੀ ਫੰਕਸ਼ਨਲ ਮੁਲਾਂਕਣ ਨਹੀਂ ਕੀਤਾ ਸੀ, ਜਿਸਦੇ ਨਤੀਜੇ ਵਜੋਂ ਪਲੇਸਮੈਂਟ ਦੀ ਤਬਦੀਲੀ ਹੋਈ ਸੀ ਅਤੇ ਤੁਹਾਡੇ ਬੱਚੇ ਲਈ ਵਿਵਹਾਰ ਸਬੰਧੀ ਦਖਲ ਯੋਜਨਾ ਲਾਗੂ ਕਰੇ; **ਜਾਂ**,
2. ਜੇਕਰ ਵਿਵਹਾਰ ਸਬੰਧੀ ਦਖਲ ਯੋਜਨਾ ਪਹਿਲਾਂ ਹੀ ਵਿਕਸਿਤ ਕੀਤੀ ਗਈ ਹੈ, ਤਾਂ ਤੁਹਾਡੇ ਬੱਚੇ ਦੇ ਵਿਵਹਾਰ ਦਾ ਪਤਾ ਲਗਾਉਣ ਲਈ, ਵਿਵਹਾਰ ਸਬੰਧੀ ਦਖਲ ਯੋਜਨਾ ਦੀ ਸਮੀਖਿਆ ਕਰੇ ਅਤੇ ਇਸਨੂੰ ਸੰਸ਼ੋਧਿਤ ਕਰੇ, ਜਿਵੇਂ ਵੀ ਜ਼ਰੂਰੀ ਹੋਵੇ।

ਹੇਠਾਂ ਦਿੱਤੇ ਉਪ-ਸਿਰਲੇਖ ***ਵਿਸ਼ੇਸ਼ ਸਥਿਤੀਆਂ*** ਦੇ ਅਧੀਨ ਵਰਣਨ ਕੀਤੇ ਤੱਥਾਂ ਤੋਂ ਇਲਾਵਾ, ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਉਸ ਪਲੇਸਮੈਂਟ ਵਿੱਚ ਵਾਪਸ ਭੇਜਣਾ ਲਾਜ਼ਮੀ ਹੈ, ਜਿਸ ਵਿੱਚੋਂ ਉਸਨੂੰ ਹਟਾਇਆ ਗਿਆ ਸੀ, ਜਦੋਂ ਤੱਕ ਕਿ ਤੁਸੀਂ ਅਤੇ

ਡਿਸਟ੍ਰਿਕਟ ਵਿਵਹਾਰ ਸਬੰਧੀ ਦਖਲ ਯੋਜਨਾ ਦੇ ਸੰਸ਼ੋਧਨ ਦੇ ਹਿੱਸੇ ਦੇ ਤੌਰ ਤੇ ਪਲੇਸਮੈਂਟ ਦੀ ਤਬਦੀਲੀ ਲਈ ਸਹਿਮਤ ਨਹੀਂ ਹੁੰਦੇ।

## ਵਿਸ਼ੇਸ਼ ਸਥਿਤੀਆਂ

ਸਕੂਲ ਦੇ ਕਰਮਚਾਰੀ ਤੁਹਾਡੇ ਬੱਚੇ ਨੂੰ 45 ਸਕੂਲ ਦਿਨਾਂ ਤੱਕ ਲਈ, ਇੱਕ ਅੰਤਰਿਮ ਵਿਕਲਪਿਕ ਸਿੱਖਿਅਕ ਥਾਂ (ਵਿਦਿਆਰਥੀ ਦੀ IEP ਟੀਮ ਵੱਲੋਂ ਨਿਰਧਾਰਤ ਕੀਤੀ) ਲਈ ਹਟਾ ਸਕਦੇ ਹਨ, ਇਸਤੇ ਵਿਚਾਰ ਕੀਤੇ ਬਿਨਾਂ ਕਿ ਤੁਹਾਡੇ ਬੱਚੇ ਦਾ ਵਿਵਹਾਰ ਉਸਦੇ ਅਪਾਹਜਪੁਣੇ ਦਾ ਪ੍ਰਗਟਾਵਾ ਸੀ ਜਾ ਨਹੀਂ, ਜੇਕਰ ਉਹ:

1. ਸਕੂਲ ਵਿੱਚ ਕੋਈ ਹਥਿਆਰ (ਹੇਠਾਂ ਪਰਿਭਾਸ਼ਾ ਦੇਖੋ) ਲਿਆਉਂਦਾ ਜਾਂ ਲਿਆਉਂਦੀ ਹੈ ਜਾਂ ਸਕੂਲ ਵਿੱਚ, ਸਕੂਲ ਦੀ ਚਾਰਦੀਵਾਰੀ ਵਿੱਚ, ਡਿਸਟ੍ਰਿਕਟ ਦੇ ਨਿਆਂ ਖੇਤਰ ਦੇ ਅਧੀਨ ਕਿਸੇ ਸਕੂਲ ਫੰਕਸ਼ਨ ਵਿੱਚ ਉਸ ਕੋਲ ਹਥਿਆਰ ਹੈ;
2. ਸਕੂਲ ਵਿੱਚ, ਸਕੂਲ ਦੀ ਚਾਰਦੀਵਾਰੀ ਵਿੱਚ, ਡਿਸਟ੍ਰਿਕਟ ਦੇ ਨਿਆਂ ਖੇਤਰ ਦੇ ਅਧੀਨ ਕਿਸੇ ਸਕੂਲ ਫੰਕਸ਼ਨ ਵਿੱਚ ਸਭ ਕੁਝ ਜਾਣਦੇ ਹੋਏ ਉਸ ਕੋਲ ਅਵੈਧ ਡ੍ਰਗਸ (ਹੇਠਾਂ ਪਰਿਭਾਸ਼ਾ ਦੇਖੋ) ਹਨ ਜਾਂ ਉਹ ਇਹਨਾਂ ਦੀ ਵਰਤੋਂ ਕਰਦਾ ਹੈ ਜਾਂ ਕਰਦੀ ਹੈ, ਜਾਂ ਇੱਕ ਕੰਟ੍ਰੋਲਡ ਪਦਾਰਥ (ਹੇਠਾਂ ਪਰਿਭਾਸ਼ਾ ਦੇਖੋ) ਦੀ ਵਿਕਰੀ ਕਰਦਾ ਜਾਂ ਕਰਦੀ ਹੈ ਜਾਂ ਵਿਕਰੀ ਦੀ ਬੇਨਤੀ ਕਰਦਾ ਜਾਂ ਕਰਦੀ ਹੈ; **ਜਾਂ**,
3. ਉਸਨੇ ਸਕੂਲ ਵਿੱਚ, ਸਕੂਲ ਦੀ ਚਾਰਦੀਵਾਰੀ ਵਿੱਚ, ਡਿਸਟ੍ਰਿਕਟ ਦੇ ਨਿਆਂ ਖੇਤਰ ਦੇ ਅਧੀਨ ਕਿਸੇ ਸਕੂਲ ਫੰਕਸ਼ਨ ਵਿੱਚ ਕਿਸੇ ਦੂਜੇ ਵਿਅਕਤੀ ਦੇ ਗੰਭੀਰ ਸਰੀਰਕ ਸੱਟ (ਹੇਠਾਂ ਪਰਿਭਾਸ਼ਾ ਦੇਖੋ) ਦੀ ਸਜ਼ਾ ਦਿੱਤੀ ਹੈ।

## ਪਰਿਭਾਸ਼ਾਵਾਂ

- *ਕੰਟ੍ਰੋਲਡ ਪਦਾਰਥ* ਦਾ ਭਾਵ ਹੈ ਕੰਟ੍ਰੋਲਡ ਸਬਸਟੈਂਸਿਜ ਐਕਟ (21 U.S.C. 812(c)) ਦੇ ਸੈਕਸ਼ਨ 202(c) ਵਿੱਚ ਸ਼ੈਡਿਊਲਸ I, II, III, IV ਜਾਂ V ਦੇ ਅਧੀਨ ਪਛਾਣਿਆ ਗਿਆ ਕੋਈ ਨਸ਼ੀਲਾ ਪਦਾਰਥ (ਡ੍ਰਗ) ਜਾਂ ਹੋਰ ਪਦਾਰਥ।

- *ਅਵੈਧ ਡ੍ਰਗ* ਦਾ ਭਾਵ ਹੈ ਕੰਟ੍ਰੋਲਡ ਪਦਾਰਥ; ਪਰੰਤੂ ਇਸ ਵਿੱਚ ਉਹ ਕੰਟ੍ਰੋਲਡ ਪਦਾਰਥ ਸ਼ਾਮਲ ਨਹੀਂ ਹੁੰਦਾ ਜਿਸਨੂੰ ਕਨੂੰਨੀ ਰੂਪ ਨਾਲ ਇੱਕ ਲਸੰਸਸ਼ੁਦਾ ਸਿਹਤ-ਦੇਖਭਾਲ ਪੇਸ਼ਾਵਰ ਦੀ ਨਿਗਰਾਨੀ ਹੇਠ ਰੱਖਿਆ ਜਾ ਵਰਤਿਆ ਜਾਂਦਾ ਹੈ ਜਾਂ ਜਿਸਨੂੰ ਉਸ ਐਕਟ ਦੇ ਅਧੀਨ ਜਾਂ ਫੈਡਰਲ ਕਨੂੰਨ ਦੀ ਕਿਸੇ ਹੋਰ ਸ਼ਰਤ ਦੇ ਅਧੀਨ ਕਿਸੇ ਹੋਰ ਅਥਾੱਰਿਟੀ ਹੇਠ ਕਨੂੰਨੀ ਰੂਪ ਨਾਲ ਰੱਖਿਆ ਜਾ ਵਰਤਿਆ ਜਾਂਦਾ ਹੈ।

- *ਗੰਭੀਰ ਸਰੀਰਕ ਸੱਟ* ਦਾ ਭਾਵ ਹੈ ਅਜਿਹੀ ਸਰੀਰਕ ਸੱਟ, ਜਿਸ ਵਿੱਚ ਸ਼ਾਮਲ ਹੈ: ਕਾਫੀ ਹੱਦ ਤੱਕ ਮੌਤ ਦਾ ਜੋਖਿਮ*;* ਬਹੁਤ ਜ਼ਿਆਦਾ ਸਰੀਰਕ ਦਰਦ; ਲੰਮਾ ਅਤੇ ਪ੍ਰਤੱਖ ਵਿਗਾੜ; ਜਾਂ ਸਰੀਰਕ ਝਿੱਲੀ, ਅੰਗ ਜਾਂ ਸ਼ਕਤੀ ਦੇ ਫੰਕਸ਼ਨ ਦੀ ਲੰਮੇ ਸਮੇਂ ਲਈ ਹਾਨੀ ਜਾਂ ਵਿਗਾੜ।

- *ਹਥਿਆਰ* ਦਾ ਭਾਵ ਹੈ ਉਹ ਹਥਿਆਰ, ਯੰਤਰ, ਉਪਕਰਨ, ਸਮੱਗਰੀ ਜਾਂ ਪਦਾਰਥ, ਕ੍ਰਿਆਸ਼ੀਲ ਜਾਂ ਬੇਜਾਨ, ਜੋ ਕਿਸੇ ਨੂੰ ਮਾਰਨ ਜਾਂ ਗੰਭੀਰ ਸਰੀਰਕ ਸੱਟ ਮਾਰਨ ਲਈ ਵਰਤਿਆ ਜਾਂਦਾ ਹੈ ਜਾਂ ਅਜਿਹੀ ਸਮਰੱਥਾ ਵਾਲਾ ਹੋਵੇ, ਸਿਵਾਏ ਇਸਦੇ ਕਿ ਇਸ ਸੀਮਾ ਵਿੱਚ ਢਾਈ ਇੰਚ ਤੋਂ ਘੱਟ ਲੰਮੇ ਬਲੇਡ ਵਾਲਾ ਕੋਈ ਜੇਬ ਵਿੱਚ ਰੱਖਣ ਵਾਲਾ ਚਾਕੂ ਸ਼ਾਮਲ ਨਹੀਂ ਹੈ।

## ਥਾਂ (ਸੈਟਿੰਗ) ਦਾ ਨਿਰਧਾਰਨ

## 34 CFR § 300.531; WAC 392-172A-05150

IEP ਟੀਮ ਲਈ ਉਹਨਾਂ ਸਥਾਨਾਂਤਰਣਾਂ, ਜੋ **ਪਲੇਸਮੈਂਟ ਦੀਆਂ ਤਬਦੀਲੀਆਂ** ਹਨ ਅਤੇ ਉਪਰੋਕਤ ਸਿਰਲੇਖ ***ਵਾਧੂ ਅਥਾੱਰਿਟੀ*** ਅਤੇ ***ਵਿਸ਼ੇਸ਼ ਸਥਿਤੀਆਂ*** ਦੇ ਅਧੀਨ ਸਥਾਨਾਂਤਰਣਾਂ ਲਈ ਅੰਤਰਿਮ ਸਿੱਖਿਅਕ ਥਾਂ ਨਿਰਧਾਰਤ ਕਰਨਾ ਲਾਜ਼ਮੀ ਹੈ।

## ਡਿਸਪਿਲਿਨ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ

## 34 CFR § 300.532; WAC 392-172A-05160

ਤੁਸੀਂ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰ ਸਕਦੇ ਹੋ ਜੇਕਰ ਤੁਸੀਂ ਇਹਨਾਂ ਨਾਲ ਅਸਹਿਮਤ ਹੋ:

1. ਇਹਨਾਂ ਡਿਸਪਿਲਿਨ ਸ਼ਰਤਾਂ ਦੇ ਅਧੀਨ ਪਲੇਸਮੈਂਟ ਦੇ ਸਬੰਧ ਵਿੱਚ ਲਿਆ ਗਿਆ ਕੋਈ ਫੈਸਲਾ; **ਜਾਂ**,
2. ਉੱਪਰ ਵਰਨਿਤ ਪ੍ਰਗਟਾਵਾ ਨਿਰਧਾਰਨ।

ਡਿਸਟ੍ਰਿਕਟ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰ ਸਕਦਾ ਹੈ ਜੇਕਰ ਇਹ ਮੰਨਦਾ ਹੈ ਕਿ ਤੁਹਾਡੇ ਬੱਚੇ ਲਈ ਮੌਜੂਦਾ ਪਲੇਸਮੈਂਟ ਨੂੰ ਕਾਇਮ ਰੱਖਣ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਲਈ ਜਾਂ ਹੋਰਾਂ ਲਈ ਮੂਲ ਰੂਪ ਨਾਲ ਸੱਟ ਦੀ ਸੰਭਾਵਨਾ ਹੋ ਸਕਦੀ ਹੈ।

ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕਰਨ ਬਾਰੇ ਹੋਰ ਜਾਣਕਾਰੀ ਲਈ **ਮੁਨਾਸਬ ਪ੍ਰਕਿਰਿਆ ਸੁਣਵਾਈ ਪ੍ਰਕਿਰਿਆਵਾਂ** ਭਾਗ ਦੇਖੋ।

### ਐਡਮਿਨਿਸਟ੍ਰੇਟਿਵ ਲਾੱ ਜੱਜ (ALJ) ਦੀ ਅਥਾੱਰਿਟੀ

ALJ ਲਈ ਮੁਨਾਸਬ ਪ੍ਰਕਿਰਿਆ ਸੁਣਵਾਈ ਕਰਨਾ ਅਤੇ ਫੈਸਲਾ ਲੈਣਾ ਲਾਜ਼ਮੀ ਹੁੰਦਾ ਹੈ। ALJ ਇਹ ਕਰ ਸਕਦਾ ਹੈ:

1. ਤੁਹਾਡੇ ਬੱਚੇ ਨੂੰ ਉਸ ਪਲੇਸਮੈਂਟ ਵਿੱਚ ਵਾਪਸ ਭੇਜ ਸਕਦਾ ਹੈ, ਜਿੱਥੋਂ ਉਸਨੂੰ ਹਟਾਇਆ ਗਿਆ ਸੀ, ਜੇਕਰ ALJ ਇਹ ਨਿਰਧਾਰਤ ਕਰਦਾ ਹੈ ਕਿ ਸਥਾਨਾਂਤਰਣ ਸਿਰਲੇਖ ***ਸਕੂਲ ਦੇ ਕਰਮਚਾਰੀਆਂ ਦੀ ਅਥਾੱਰਿਟੀ*** ਦੇ ਅਧੀਨ ਵਰਣਨ ਕੀਤੀਆਂ ਗਈਆਂ ਸ਼ਰਤਾਂ ਦੀ ਉਲੰਘਣਾ ਸੀ ਜਾਂ ਇਹ ਕਿ ਤੁਹਾਡੇ ਬੱਚੇ ਦਾ ਵਿਵਹਾਰ ਉਸਦੇ ਅਪਾਹਜਪੁਣੇ ਦਾ ਪ੍ਰਗਟਾਵਾ ਸੀ; **ਜਾਂ**,

2. ਤੁਹਾਡੇ ਬੱਚੇ ਦੀ ਪਲੇਸਮੈਂਟ ਨੂੰ 45 ਸਕੂਲ ਦਿਨਾਂ ਤੱਕ, ਇੱਕ ਢੁੱਕਵੀਂ ਅੰਤਰਿਮ ਵਿਕਲਪਿਕ ਸਿੱਖਿਅਕ ਥਾਂ ਵਿੱਚ ਬਦਲਣ ਦਾ ਹੁਕਮ ਦੇ ਸਕਦਾ ਹੈ, ਜੇਕਰ ALJ ਇਹ ਨਿਰਧਾਰਤ ਕਰਦਾ ਹੈ ਕਿ ਤੁਹਾਡੇ ਬੱਚੇ ਲਈ ਮੌਜੂਦਾ ਪਲੇਸਮੈਂਟ ਨੂੰ ਕਾਇਮ ਰੱਖਣ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਲਈ ਜਾਂ ਹੋਰਾਂ ਲਈ ਮੂਲ ਰੂਪ ਨਾਲ ਸੱਟ ਦੀ ਸੰਭਾਵਨਾ ਹੋ ਸਕਦੀ ਹੈ।

ਇਹ ਸੁਣਵਾਈਆਂ ਪ੍ਰਕਿਰਿਆ ਦੁਹਰਾਈਆਂ ਜਾ ਸਕਦੀਆਂ ਹਨ, ਜੇਕਰ ਡਿਸਟ੍ਰਿਕਟ ਇਹ ਮੰਨਦਾ ਹੈ ਕਿ ਤੁਹਾਡੇ ਬੱਚੇ ਨੂੰ ਮੂਲ ਪਲੇਸਮੈਂਟ ਵਿੱਚ ਵਾਪਸ ਭੇਜਣ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਲਈ ਜਾਂ ਹੋਰਾਂ ਲਈ ਮੂਲ ਰੂਪ ਨਾਲ ਸੱਟ ਦੀ ਸੰਭਾਵਨਾ ਹੋ ਸਕਦੀ ਹੈ।

ਜਦੋਂ ਵੀ ਤੁਸੀਂ ਜਾਂ ਡਿਸਟ੍ਰਿਕਟ ਇੱਕ ਮੁਨਾਸਬ ਪ੍ਰਕਿਰਿਆ ਸੁਣਵਾਈ ਦੀ ਮੰਗ ਕਰਦੇ ਹੋ, ਤਾਂ ਮੰਗ ਦਾ ਸਿਰਲੇਖ ***ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਪ੍ਰਕਿਰਿਆਵਾਂ ਅਤੇ ਮੁਨਾਸਬ ਪ੍ਰਕਿਰਿਆ ਸੁਣਵਾਈਆਂ*** ਦੇ ਅਧੀਨ ਵਰਣਨ ਕੀਤੀਆਂ ਗਈਆਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ, ਹੇਠਾਂ ਦਿੱਤੇ ਤੋਂ ਇਲਾਵਾ:

1. ਮੁਨਾਸਬ ਪ੍ਰਕਿਰਿਆ ਸੁਣਵਾਈ ਛੇਤੀ ਨਾਲ ਕੀਤੀ ਜਾਂਦੀ ਹੈ ਅਤੇ ਇਹ ਸੁਣਵਾਈ ਦੀ ਮੰਗ ਕੀਤੇ ਜਾਣ ਦੀ ਤਾਰੀਖ ਦੇ **<u>20</u>** ਸਕੂਲ ਦਿਨਾਂ ਦੇ ਅੰਦਰ ਹੋਣੀ ਲਾਜ਼ਮੀ ਹੈ। ALJ ਲਈ ਸੁਣਵਾਈ ਦੇ ਬਾਅਦ **<u>10</u>** ਸਕੂਲ ਦਿਨਾਂ ਦੇ ਅੰਦਰ ਇੱਕ ਫੈਸਲਾ ਜਾਰੀ ਕਰਨਾ ਲਾਜ਼ਮੀ ਹੁੰਦਾ ਹੈ।
2. ਜਦੋਂ ਤੱਕ ਤੁਸੀਂ ਅਤੇ ਡਿਸਟ੍ਰਿਕਟ ਮੀਟਿੰਗ ਨੂੰ ਛੱਡਣ ਲਈ ਲਿਖਤ ਵਿੱਚ ਸਹਿਮਤੀ ਨਹੀਂ ਦਿੰਦੇ ਜਾਂ ਵਿਚੋਲਗੀ ਵਰਤਣ ਲਈ ਸਹਿਮਤ ਨਹੀਂ ਹੁੰਦੇ, ਤੁਹਾਡੇ ਵੱਲੋਂ OSPI ਅਤੇ ਡਿਸਟ੍ਰਿਕਟ ਕੋਲ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕੀਤੇ ਜਾਣ ਦੀ ਤਾਰੀਖ ਤੋਂ **<u>ਸੱਤ</u>** ਕੈਲੰਡਰ ਦਿਨਾਂ ਦੇ ਅੰਦਰ ਇੱਕ ਹੱਲ ਮੀਟਿੰਗ ਹੋਣੀ ਲਾਜ਼ਮੀ ਹੈ। ਸੁਣਵਾਈ ਜਾਰੀ ਰੱਖੀ ਜਾ ਸਕਦੀ ਹੈ ਜੇਕਰ ਮੁੱਦਾ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਦੀ ਪ੍ਰਾਪਤ ਦੇ **<u>15</u>** ਕੈਲੰਡਰ ਦਿਨਾਂ ਦੇ ਅੰਦਰ ਦੋਵਾਂ ਪਾਰਟੀਆਂ ਦੀ ਸੰਤੁਸ਼ਟੀ ਦੇ ਮੁਤਾਬਕ ਹੱਲ ਨਾ ਹੋਇਆ ਹੋਵੇ।
3. OSPI ਨੇ ਸਬੂਤ ਪੇਸ਼ ਕਰਨ ਲਈ **<u>2</u>** ਕਾਰਜ ਦਿਨਾਂ ਦੀ ਸਮਾਂ ਸੀਮਾਂ ਤੈਅ ਕੀਤੀ ਹੈ, ਜਦੋਂ ਤੁਸੀਂ ਜਾਂ ਡਿਸਟ੍ਰਿਕਟ ਇੱਕ ਛੇਤੀ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ (ਡਿਸਪਿਲਿਨ ਲਈ) ਫਾਈਲ ਕਰਦੇ ਹੋ।

ਤੁਸੀਂ ਜਾਂ ਸਕੂਲ ਡਿਸਟ੍ਰਿਕਟ ਬਿਲਕੁੱਲ ਉਸੇ ਤਰ੍ਹਾਂ ਇੱਕ ਛੇਤੀ ਮੁਨਾਸਬ ਪ੍ਰਕਿਰਿਆ ਸੁਣਵਾਈ ਵਿੱਚ ਫੈਸਲੇ ਦੀ ਸਫ਼ਾਈ ਪੇਸ਼ ਕਰਦੇ ਹੋਏ ਇੱਕ ਸਿਵਿਲ ਕਾਰਵਾਈ ਸ਼ੁਰੂ ਕਰ ਸਕਦੇ ਹੋ, ਜਿਵੇਂ ਉਹ ਗੈਰ-ਅਨੁਸ਼ਾਸਨੀ ਵਿਸ਼ੇਸ਼ ਸਿੱਖਿਆ ਮੁਨਾਸਬ ਪ੍ਰਕਿਰਿਆ ਸੁਣਵਾਈਆਂ ਵਿੱਚ ਫੈਸਲਿਆਂ ਦੀ ਸਫ਼ਾਈ ਪੇਸ਼ ਕਰਦੇ ਹਨ (ਉੱਪਰ, ***ਅਪੀਲਾਂ*** ਦੇਖੋ)।

## ਮੁਨਾਸਬ ਪ੍ਰਕਿਰਿਆ ਛੇਤੀ ਸੁਣਵਾਈਆਂ ਦੇ ਦੌਰਾਨ ਪਲੇਸਮੈਂਟ
## 34 CFR §300.533; WAC 392-172A-05165

ਜਦੋਂ ਤੁਸੀਂ ਜਾਂ ਡਿਸਟ੍ਰਿਕਟ ਅਨੁਸ਼ਾਸਨੀ ਮੁੱਦਿਆਂ ਨਾਲ ਸਬੰਧਿਤ ਮੁਨਾਸਬ ਪ੍ਰਕਿਰਿਆ ਸੁਣਵਾਈ ਮੰਗ ਫਾਈਲ ਕੀਤੀ ਹੋਵੇ; ਜਦੋਂ ਤੱਕ ਤਿ ਤੁਸੀਂ ਅਤੇ ਡਿਸਟ੍ਰਿਕਟ ਕਿਸੇ ਵੱਖਰੇ ਪ੍ਰਬੰਧ ਲਈ ਸਹਿਮਤੀ ਨਹੀਂ ਦਿੰਦੇ, ਤੁਹਾਡੇ ਬੱਚੇ ਲਈ ਸੁਣਵਾਈ ਅਫਸਰ ਦੇ ਵਿਚਾਰ ਅਧੀਨ ਫੈਸਲੇ ਤੱਕ ਅੰਤਰਿਮ ਵਿਕਲਪਿਕ ਸਿੱਖਿਅਕ ਥਾਂ ਵਿੱਚ ਹੀ ਰਹਿਣਾ ਲਾਜ਼ਮੀ ਹੈ, ਜਾਂ ਜਦੋਂ ਤੱਕ ਸਿਰਲੇਖ ***ਸਕੂਲ ਦੇ ਕਰਮਚਾਰੀਆਂ ਦੀ ਅਥਾੱਰਿਟੀ*** ਦੇ ਅਧੀਨ ਵਰਣਨ ਕੀਤੀ, ਸਥਾਨਾਂਤਰਣ ਦੀ ਸਮਾਂ ਮਿਆਦ ਨਾ ਪੁੱਗ ਜਾਏ, ਜੋ ਵੀ ਪਹਿਲਾਂ ਆਵੇ।

## ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਅਜੇ ਪਾਤਰ ਨਾ ਹੋਣ ਵਾਲੇ ਵਿਦਿਆਰਥੀਆਂ ਲਈ ਬਚਾਉ
## 34 CFR §300.534; WAC 392-172A-05170

### ਸਧਾਰਨ

ਜੇਕਰ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਪਾਤਰ ਨਿਰਧਾਰਤ ਨਹੀਂ ਕੀਤਾ ਗਿਆ ਹੈ ਅਤੇ ਉਹ ਵਿਦਿਆਰਥੀ ਆਚਰਨ ਕੋਡ ਦੀ ਉਲੰਘਣਾ ਕਰਦਾ ਹੈ, ਤਾਂ ਤੁਸੀਂ ਆਪਣੇ ਬੱਚੇ ਦੇ ਕਾਰਜਵਿਧੀ ਸਬੰਧੀ ਬਚਾਉ ਦਾ ਦਾਅਵਾ ਕਰ ਸਕਦੇ ਹੋ, ਜੇਕਰ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਡਿਸਟ੍ਰਿਕਟ ਨੂੰ ਇਹ ਜਾਣਕਾਰੀ ਸੀ ਕਿ ਤੁਹਾਡੇ ਬੱਚੇ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਵਿਵਹਾਰ ਤੋਂ ਪਹਿਲਾਂ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ, ਜਿਸ ਕਾਰਨ ਅਨੁਸ਼ਾਸਨੀ ਕਾਰਵਾਈ ਕੀਤੀ ਗਈ।

### ਅਨੁਸ਼ਾਸਨੀ ਮੁੱਦਿਆਂ ਲਈ ਜਾਣਕਾਰੀ ਦੇ ਆਧਾਰ

ਡਿਸਟ੍ਰਿਕਟ ਨੂੰ ਇਹ ਜਾਣਕਾਰੀ ਹੋਣਾ ਲਾਜ਼ਮੀ ਮੰਨਿਆ ਗਿਆ ਹੈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ ਜੇਕਰ, ਉਸ ਵਿਵਹਾਰ ਤੋਂ ਪਹਿਲਾਂ ਜਿਸ ਕਾਰਨ ਅਨੁਸ਼ਾਸਨੀ ਕਾਰਵਾਈ ਕੀਤੀ ਗਈ,:

1. ਤੁਸੀਂ ਲਿਖਤ ਵਿੱਚ ਇਹ ਚਿੰਤਾ ਪ੍ਰਗਟ ਕੀਤੀ ਸੀ ਕਿ ਤੁਹਾਡੇ ਬੱਚੇ ਨੂੰ ਸਕੂਲ ਡਿਸਟ੍ਰਿਕਟ ਦੀਆਂ ਨਿਗਰਾਨੀ ਵਾਲੀਆਂ ਜਾਂ ਐਡਮਿਨਿਸਟ੍ਰੇਟਿਵ ਕਰਮਚਾਰੀ ਦੀਆਂ ਜਾਂ ਤੁਹਾਡੇ ਬੱਚੇ ਦੇ ਅਧਿਆਪਕ ਦੀਆਂ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਦੀ ਲੋੜ ਹੈ;
2. ਤੁਸੀਂ IDEA ਦੇ ਪਾਰਟ ਬੀ ਦੇ ਅਧੀਨ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਲਈ ਪਾਤਰਤਾ ਸਬੰਧੀ ਇੱਕ ਮੁਲਾਂਕਣ ਦੀ ਮੰਗ ਕੀਤੀ ਸੀ; ਜਾਂ,

3. ਤੁਹਾਡੇ ਬੱਚੇ ਦੇ ਅਧਿਆਪਕ ਨੇ, ਜਾਂ ਹੋਰ ਡਿਸਟ੍ਰਿਕਟ ਕਰਮਚਾਰੀ ਨੇ ਤੁਹਾਡੇ ਬੱਚੇ ਵੱਲੋਂ ਦਰਸਾਏ ਗਏ ਵਿਵਹਾਰ ਦੇ ਪੈਟਰਨ ਬਾਰੇ ਸਿੱਧੇ ਡਿਸਟ੍ਰਿਕਟ ਦੇ ਵਿਸ਼ੇਸ਼ ਸਿੱਖਿਆ ਦੇ ਡਾਇਰੈਕਟਰ ਕੋਲ ਜਾਂ ਡਿਸਟ੍ਰਿਕਟ ਦੇ ਹੋਰ ਨਿਗਰਾਨੀ ਵਾਲੇ ਕਰਮਚਾਰੀ ਕੋਲ ਖ਼ਾਸ ਚਿੰਤਾਵਾਂ ਪ੍ਰਗਟ ਕੀਤੀਆਂ ਸਨ।

**ਛੋਟ**

ਡਿਸਟ੍ਰਿਕਟ ਨੂੰ ਉਦੋਂ ਇਹ ਜਾਣਕਾਰੀ ਨਾ ਹੋਣਾ ਮੰਨਿਆ ਜਾਏਗਾ ਜੇਕਰ:

1. ਤੁਸੀਂ ਆਪਣੇ ਬੱਚੇ ਦੇ ਮੁਲਾਂਕਣ ਦੀ ਇਜਾਜ਼ਤ ਨਹੀਂ ਦਿੱਤੀ ਸੀ ਜਾਂ ਤੁਸੀਂ ਵਿਸ਼ੇਸ਼ ਸਿੱਖਿਆ ਸੇਵਾਵਾਂ ਨੂੰ ਨਾਮਨਜ਼ੂਰ ਕਰ ਦਿੱਤਾ ਸੀ; **ਜਾਂ**,
2. ਤੁਹਾਡੇ ਬੱਚੇ ਦਾ ਮੁਲਾਂਕਣ ਕੀਤਾ ਗਿਆ ਸੀ ਅਤੇ ਉਸਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਨਾ ਹੋਣਾ ਨਿਰਧਾਰਤ ਕੀਤਾ ਗਿਆ ਸੀ।

**<u>ਸ਼ਰਤਾਂ ਜੋ ਤਦ ਲਾਗੂ ਹੁੰਦੀਆਂ ਹਨ ਜਦੋਂ ਜਾਣਕਾਰੀ ਦਾ ਕੋਈ ਆਧਾਰ ਨਹੀਂ ਹੁੰਦਾ</u>**

ਜੇਕਰ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਦੇ ਵਿਰੁੱਧ ਅਨੁਸ਼ਾਸਨੀ ਆਕਲਨ ਕਰਨ ਤੋਂ ਪਹਿਲਾਂ ਜਾਣਕਾਰੀ ਨਹੀਂ ਹੈ ਕਿ ਤੁਹਾਡਾ ਬੱਚਾ ਵਿਸ਼ੇਸ਼ ਸਿੱਖਿਆ ਲਈ ਪਾਤਰ ਹੈ, ਜਿਵੇਂ ਕਿ ਉੱਪਰ ਉਪ-ਸਿਰਲੇਖਾਂ ***ਅਨੁਸ਼ਾਸਨੀ ਮੁੱਦਿਆਂ ਲਈ ਜਾਣਕਾਰੀ ਦੇ ਆਧਾਰ*** ਅਤੇ ***ਛੋਟ*** ਦੇ ਅਧੀਨ ਵਰਣਨ ਕੀਤਾ ਗਿਆ ਹੈ, ਤੁਹਾਡਾ ਬੱਚਾ ਅਨੁਸ਼ਾਸਨੀ ਆਕਲਨਾਂ ਦੇ ਅਧੀਨ ਹੋ ਸਕਦਾ ਹੈ, ਜੋ ਬਿਨਾਂ ਅਪਾਹਜਪੁਣੇ ਵਾਲੇ ਵਿਦਿਆਰਥੀਆਂ ਤੇ ਵੀ ਲਾਗੂ ਹੁੰਦੇ ਹਨ ਜੋ ਉਸੇ ਪ੍ਰਕਾਰ ਦੇ ਵਿਵਹਾਰ ਵਿੱਚ ਸ਼ਾਮਲ ਹੁੰਦੇ ਹਨ।

ਹਾਲਾਂਕਿ, ਜੇਕਰ ਤੁਸੀਂ ਜਾਂ ਡਿਸਟ੍ਰਿਕਟ ਉਸ ਸਮਾਂ ਮਿਆਦ ਦੇ ਦੌਰਾਨ ਤੁਹਾਡੇ ਬੱਚੇ ਦੇ ਮੁਲਾਂਕਣ ਦੀ ਮੰਗ ਕਰਦਾ ਹੈ, ਜਿਸ ਸਮਾਂ ਮਿਆਦ ਵਿੱਚ ਉਹ ਅਨੁਸ਼ਾਸਨੀ ਆਕਲਨਾਂ ਦੇ ਅਧੀਨ ਹੈ, ਤਾਂ ਮੁਲਾਂਕਣ ਇੱਕ ਛੇਤੀ ਵਿਧੀ ਵਿੱਚ ਕੀਤਾ ਜਾਣਾ ਲਾਜ਼ਮੀ ਹੈ।

ਜਦੋਂ ਤੱਕ ਮੁਲਾਂਕਣ ਪੂਰਾ ਨਹੀਂ ਹੁੰਦਾ, ਤੁਹਾਡਾ ਬੱਚਾ ਸਕੂਲ ਅਥਾੱਰਿਟੀਜ ਵੱਲੋਂ ਨਿਰਦਾਰਤ ਸਿੱਖਿਅਕ ਪਲੇਸਮੈਂਟ ਵਿੱਚ ਹੀ ਰਹਿੰਦਾ ਹੈ, ਜਿਸ ਵਿੱਚ ਬਿਨਾਂ ਸਿੱਖਿਅਕ ਸੇਵਾਵਾਂ ਦੇ ਸਸਪੈਨਸ਼ਨ ਜਾਂ ਬਾਹਰ ਕੱਢਣਾ ਸ਼ਾਮਲ ਹੋ ਸਕਦਾ ਹੈ।

ਜੇਕਰ ਤੁਹਾਡੇ ਬੱਚੇ ਨੂੰ ਡਿਸਟ੍ਰਿਕਟ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਪ੍ਰਾਪਤ ਜਾਣਕਾਰੀ ਅਤੇ ਤੁਹਾਡੇ ਵੱਲੋਂ ਮੁਹੱਈਆ ਕੀਤੀ ਗਈ ਜਾਣਕਾਰੀ ਤੇ ਵਿਚਾਰ ਕਰਦੇ ਹੋਏ, ਵਿਸ਼ੇਸ਼ ਸਿੱਖਿਆ ਸੇਵਾਵਾਂ ਲਈ ਪਾਤਰ ਹੋਣਾ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਡਿਸਟ੍ਰਿਕਟ ਲਈ ਤੁਹਾਡੇ ਬੱਚੇ ਨੂੰ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਮੁਹੱਈਆ ਕਰਨਾ ਅਤੇ ਉੱਪਰ ਵਰਣਨ ਕੀਤੀਆਂ ਅਨੁਸ਼ਾਸਨੀ ਸ਼ਰਤਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ।

## <u>ਲਾੱ ਐਨਫੋਰਸਮੈਂਟ ਅਤੇ ਜੁਡਿਸ਼ਿਅਲ ਅਥਾੱਰਿਟੀਜ ਲਈ ਰੈਫਰਲ ਅਤੇ ਇਹਨਾਂ ਵੱਲੋਂ ਕਾਰਵਾਈ</u>
## <u>34 CFR §300.535; WAC 392-172A-05175</u>

IDEA ਦਾ ਪਾਰਟ ਬੀ ਇਹ ਨਹੀਂ ਕਰਦਾ:

1. ਕਿਸੇ ਸਕੂਲ ਡਿਸਟ੍ਰਿਕਟ ਨੂੰ ਤੁਹਾਡੇ ਬੱਚੇ ਵੱਲੋਂ ਕੀਤੇ ਗਏ ਅਪਰਾਧ ਦੀ ਰਿਪੋਰਟ ਕਰਨ ਤੋਂ ਨਹੀਂ ਰੋਕਦਾ, ਜੋ ਢੁੱਕਵੀਆਂ ਅਥਾੱਰਿਟੀਜ ਲਈ ਵਿਸ਼ੇਸ਼ ਸਿੱਖਿਆ ਦਾ ਪਾਤਰ ਹੈ; **<u>ਜਾਂ</u>**,
2. ਸਟੇਟ ਲਾੱ ਐਨਫੋਰਸਮੈਂਟ ਅਤੇ ਜੁਡਿਸ਼ਿਅਲ ਅਥਾੱਰਿਟੀਜ ਨੂੰ ਤੁਹਾਡੇ ਬੱਚੇ ਵੱਲੋਂ ਕੀਤੇ ਗਏ ਅਪਰਾਧਾਂ ਲਈ ਫੈਡਰਲ ਅਤੇ ਸਟੇਟ ਕਨੂੰਨ ਦੇ ਇਸਤੇਮਾਲ ਦੇ ਸਬੰਧ ਵਿੱਚ ਉਹਨਾਂ ਦੀਆਂ ਜ਼ਿੰਮੇਵਾਰੀਆਂ ਦੀ ਵਰਤੋਂ ਕਰਨ ਤੋਂ ਨਹੀਂ ਰੋਕਦਾ।

## <u>ਰਿਕਾਰਡਾਂ ਦੀ ਭਿਜਵਾਈ</u>

ਜੇਕਰ ਕੋਈ ਡਿਸਟ੍ਰਿਕਟ ਤੁਹਾਡੇ ਬੱਚੇ ਵੱਲੋਂ ਕੀਤੇ ਗਏ ਅਪਰਾਧਾਂ ਦੀ ਰਿਪੋਰਟ ਕਰਦਾ ਹੈ, ਤਾਂ ਡਿਸਟ੍ਰਿਕਟ:

1. ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਅਤੇ ਅਨੁਸ਼ਾਸਨੀ ਰਿਕਾਰਡ ਉਹਨਾਂ ਅਥਾੱਰਿਟੀਜ ਵੱਲੋਂ ਵਿਚਾਰ ਕਰਨ ਲਈ ਭੇਜੇ ਗਏ ਹਨ, ਜਿਹਨਾਂ ਨੂੰ ਏਜੰਸੀ ਅਪਰਾਧ ਦੀ ਰਿਪੋਰਟ ਕਰਦੀ ਹੈ; **<u>ਅਤੇ</u>**,
2. ਤੁਹਾਡੇ ਬੱਚੇ ਦੇ ਵਿਸ਼ੇਸ਼ ਸਿੱਖਿਆ ਅਤੇ ਅਨੁਸ਼ਾਸਨੀ ਰਿਕਾਰਡਾਂ ਦੀਆਂ ਕਾਪੀਆਂ ਸਿਰਫ FERPA ਵੱਲੋਂ ਮਨਜ਼ੂਰੀ ਦਿੱਤੀ ਗਈ ਸੀਮਾ ਤੱਕ ਹੀ ਭੇਜ ਸਕਦਾ ਹੈ।

## <u>ਸਰਕਾਰੀ ਖਰਚੇ ਤੇ ਪ੍ਰਾਈਵੇਟ ਸਕੂਲਾਂ ਵਿਚਲੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਇੱਕ-ਪੱਖੀ ਪਲੇਸਮੈਂਟ ਲਈ ਸ਼ਰਤਾਂ</u>

## <u>CFR § 300.148; WAC 392-172A-04115</u>

ਜੇਕਰ ਤੁਸੀਂ ਮੰਨਦੇ ਹੋ ਕਿ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਲਈ FAPE ਮੁਹੱਈਆ ਨਹੀਂ ਕਰ ਸਕਦਾ ਅਤੇ ਤੁਸੀਂ ਆਪਣੇ ਬੱਚੇ ਨੂੰ ਡਿਸਟ੍ਰਿਕਟ ਦੇ ਇਕਰਾਰਨਾਮੇ ਦੇ ਬਿਨਾਂ ਕਿਸੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਪ੍ਰਾਈਵੇਟ ਸਕੂਲ ਲਈ ਡਿਸਟ੍ਰਿਕਟ ਵੱਲੋਂ ਅਦਾਇਗੀ ਦੀ ਮੰਗ ਕਰਨ ਲਈ ਤੁਹਾਨੂੰ ਕੁਝ ਪੜਾਵਾਂ ਦੀ ਪਾਲਣਾ ਕਰਨੀ ਹੋਵੇਗੀ।

### <u>ਪ੍ਰਾਈਵੇਟ ਸਕੂਲ ਪਲੇਸਮੈਂਟ ਲਈ ਅਦਾਇਗੀ</u>

ਜੇਕਰ ਤੁਹਾਡੇ ਬੱਚੇ ਨੇ ਕਿਸੇ ਸਕੂਲ ਡਿਸਟ੍ਰਿਕਟ ਤੋਂ ਪਹਿਲਾਂ ਵਿਸ਼ੇਸ਼ ਸਿੱਖਿਆ ਅਤੇ ਸਬੰਧਿਤ ਸੇਵਾਵਾਂ ਪ੍ਰਾਪਤ ਕੀਤੀਆਂ ਸਨ ਅਤੇ ਤੁਸੀਂ ਆਪਣੇ ਬੱਚੇ ਨੂੰ ਡਿਸਟ੍ਰਿਕਟ ਦੀ ਸਹਿਮਤੀ ਦੇ ਬਿਨਾਂ ਜਾਂ ਇਸ ਵੱਲੋਂ ਰੈਫਰਲ ਦੇ ਬਿਨਾਂ ਕਿਸੇ ਪ੍ਰਾਈਵੇਟ ਪ੍ਰੀਸਕੂਲ, ਐਲੀਮੈਂਟਰੀ ਸਕੂਲ ਜਾਂ ਸੈਕੰਡਰੀ ਸਕੂਲ ਵਿੱਚ ਦਾਖਲ ਕਰਾਉਣ ਦੀ ਚੋਣ ਕਰਦੇ ਹੋ, ਤਾਂ ਅਦਾਲਤ ਜਾਂ ALJ ਡਿਸਟ੍ਰਿਕਟ ਨੂੰ ਤੁਹਾਨੂੰ ਉਸ ਦਾਖਲੇ ਦਾ ਖਰਚਾ ਦੇਣ ਲਈ ਕਹਿ ਸਕਦਾ ਹੈ, ਜੇਕਰ ਅਦਾਲਤ ਜਾਂ ALJ ਮੰਨਦਾ ਹੈ ਕਿ ਸਕੂਲ ਡਿਸਟ੍ਰਿਕਟ ਨੇ ਉਸ ਦਾਖਲੇ ਤੋਂ ਪਹਿਲਾਂ ਸਮੇਂ ਸਿਰ ਤੁਹਾਡੇ ਬੱਚੇ ਲਈ FAPE ਉਪਲਬਧ ਨਹੀਂ ਕਰਾਈ ਸੀ ਅਤੇ ਇਹ ਕਿ ਪ੍ਰਾਈਵੇਟ ਪਲੇਸਮੈਂਟ ਢੁੱਕਵੀਂ ਹੈ। ਅਦਾਲਤ ਜਾਂ ALJ ਤੁਹਾਡੀ ਪਲੇਸਮੈਂਟ ਨੂੰ ਢੁੱਕਵੀਂ ਮੰਨ ਸਕਦਾ ਹੈ, ਭਾਵੇਂ ਪਲੇਸਮੈਂਟ ਸਟੇਟ ਦੇ ਸਟੈਂਡਰਡਸ ਨੂੰ ਪੂਰਾ ਨਾ ਕਰਦੀ ਹੋਵੇ, ਜੋ ਡਿਸਟ੍ਰਿਕਟਸ ਵੱਲੋਂ ਮੁਹੱਈਆ ਕੀਤੀ ਜਾਣ ਵਾਲੀ ਸਿੱਖਿਆ ਤੇ ਲਾਗੂ ਹੁੰਦੇ ਹਨ।

ਅਦਾਇਗੀ ਤੇ ਸੀਮਾ

ਉੱਪਰ ਪੈਰਾਗ੍ਰਾਫ ਵਿੱਚ ਵਰਣਨ ਕੀਤੇ ਮੁਤਾਬਕ ਅਦਾਇਗੀ ਦਾ ਮੁੱਲ ਘਟਾਇਆ ਜਾ ਸਕਦਾ ਹੈ ਜਾਂ ਇਸਤੋਂ ਇਨਕਾਰ ਕੀਤਾ ਜਾ ਸਕਦਾ ਹੈ:

1. ਜੇਕਰ (a) ਸਭ ਤੋਂ ਹਾਲੀਆ IEP ਮੀਟਿੰਗ ਵਿੱਚ, ਜਿਸ ਵਿੱਚ ਤੁਸੀਂ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚੋਂ ਹਟਾਉਣ ਤੋਂ ਪਹਿਲਾਂ ਸ਼ਾਮਲ ਹੋਏ ਸੀ, ਤੁਸੀਂ IEP ਟੀਮ ਨੂੰ ਸੂਚਿਤ ਨਹੀਂ ਕੀਤਾ ਸੀ ਕਿ ਤੁਸੀ ਤੁਹਾਡੇ ਬੱਚੇ ਨੂੰ FAPE ਮੁਹੱਈਆ ਕਰਨ ਲਈ ਡਿਸਟ੍ਰਿਕਟ ਵੱਲੋਂ ਪ੍ਰਸਤਾਵਿਤ ਪਲੇਸਮੈਂਟ ਨੂੰ ਅਸਵੀਕਾਰ ਕਰ ਰਹੇ ਸੀ, ਆਪਣੀਆਂ ਚਿੰਤਾਵਾਂ ਬਾਰੇ ਅਤੇ ਆਪਣੇ ਬੱਚੇ ਨੂੰ ਸਰਕਾਰੀ ਖਰਚੇ ਤੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਦਾਖਲ ਕਰਾਉਣ ਦੇ ਆਪਣੇ ਇਰਾਦੇ ਬਾਰੇ ਦੱਸਣ ਸਮੇਤ; ਜਾਂ (b) ਸਰਕਾਰੀ ਸਕੂਲ ਤੋਂ ਆਪਣੇ ਬੱਚੇ ਨੂੰ ਹਟਾਉਣ ਤੋਂ ਪਹਿਲਾਂ ਘੱਟੋ 10 ਕਾਰਜ ਦਿਨਾਂ ਤੱਕ (ਕਿਸੇ ਵੀ ਉਹਨਾਂ ਛੁੱਟੀਆਂ ਸਮੇਤ, ਜੋ ਕਿਸੇ ਕਾਰਜ ਦਿਨ ਨੂੰ ਹੁੰਦੀਆਂ ਹਨ), ਤੁਸੀਂ ਡਿਸਟ੍ਰਿਕਟ ਨੂੰ ਉਸ ਜਾਣਕਾਰੀ ਦਾ ਲਿਖਤ ਨੋਟਿਸ ਨਹੀਂ ਦਿੱਤਾ;
2. ਜੇਕਰ, ਤੁਹਾਡੇ ਵੱਲੋਂ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਤੋਂ ਹਟਾਉਣ ਤੋਂ ਪਹਿਲਾਂ, ਡਿਸਟ੍ਰਿਕਟ ਨੇ ਤੁਹਾਡੇ ਬੱਚੇ ਦਾ ਮੁਲਾਂਕਣ ਕਰਨ ਦੇ ਆਪਣੇ ਮੰਤਵ ਬਾਰੇ ਤੁਹਾਨੂੰ ਪੂਰਵ ਲਿਖਤ ਨੋਟਿਸ ਮੁਹੱਈਆ ਕੀਤਾ ਸੀ (ਉਸ ਮੁਲਾਂਕਣ ਦੇ ਉਦੇਸ਼ ਲਈ ਇੱਕ ਬਿਆਨ ਸਮੇਤ ਕਿ ਉਹ ਢੁੱਕਵਾਂ ਅਤੇ ਉਚਿਤ ਸੀ), ਪਰੰਤੂ ਤੁਸੀਂ ਆਪਣੇ ਬੱਚੇ ਨੂੰ ਮੁਲਾਂਕਣ ਲਈ ਉਪਲਬਧ ਨਹੀਂ ਕਰਾਇਆ ਸੀ; **ਜਾਂ**,
3. ਅਦਾਲਤ ਦੇ ਇਸ ਨਤੀਜੇ ਤੇ ਕਿ ਤੁਹਾਡੀਆਂ ਕਾਰਵਾਈਆਂ ਅਨੁਚਿਤ ਸਨ।

ਹਾਲਾਂਕਿ, ਅਦਾਇਗੀ ਦਾ ਮੁੱਲ:

1. ਨੋਟਿਸ ਮੁਹੱਈਆ ਕਰਨ ਵਿੱਚ ਅਸਫਲ ਹੋਣ ਤੇ ਘਟਾਇਆ ਨਹੀਂ ਜਾਣਾ ਚਾਹੀਦਾ ਜਾਂ ਇਸਤੋਂ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ ਜੇਕਰ: (a) ਸਕੂਲ ਨੇ ਤੁਹਾਨੂੰ ਨੋਟਿਸ ਮੁਹੱਈਆ ਕਰਨ ਤੋਂ ਰੋਕਿਆ ਸੀ; (b) ਤੁਸੀਂ ਉੱਪਰ ਵਰਣਨ ਕੀਤਾ ਨੋਟਿਸ ਮੁਹੱਈਆ ਕਰਨ ਦੀ ਆਪਣੀ ਜ਼ਿੰਮੇਵਾਰੀ ਬਾਰੇ ਨੋਟਿਸ ਪ੍ਰਾਪਤ ਨਹੀਂ ਕੀਤਾ ਸੀ; ਜਾਂ (c) ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਨੂੰ ਸਰੀਰਕ ਹਾਨੀ ਪਹੁੰਚਣ ਦੀ ਸੰਭਾਵਨਾ ਹੈ; **ਅਤੇ**,
2. ਅਦਾਲਤ ਜਾਂ ALJ ਦੇ ਵਿਵੇਕ ਨਾਲ, ਲੋੜੀਂਦਾ ਨੋਟਿਸ ਮੁਹੱਈਆ ਕਰਨ ਵਿੱਚ ਤੁਹਾਡੀ ਅਸਫਲਤਾ ਲਈ ਘਟਾਇਆ ਨਹੀਂ ਜਾ ਸਕਦਾ ਜਾਂ ਇਸਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜੇਕਰ: (a) ਤੁਸੀਂ ਪੜ੍ਹੇ-ਲਿਖੇ ਨਹੀਂ ਹੋ ਜਾਂ ਅੰਗਰੇਜ਼ੀ ਵਿੱਚ ਨਹੀਂ ਲਿਖ ਸਕਦੇ; ਜਾਂ (b) ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਦੇ ਨਤੀਜੇ ਵਜੋਂ ਤੁਹਾਡੇ ਬੱਚੇ ਨੂੰ ਗੰਭੀਰ ਮਾਨਸਿਕ ਹਾਨੀ ਪਹੁੰਚਣ ਦੀ ਸੰਭਾਵਨਾ ਹੈ।

## ਵਸੀਲੇ

ਜੇਕਰ ਕਾਰਜਵਿਧੀ ਸਬੰਧੀ ਸੁਰੱਖਿਆ ਉਪਾਵਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਵਾਧੂ ਜਾਣਕਾਰੀ ਲਈ ਆਪਣੇ ਸਕੂਲ ਡਿਸਟ੍ਰਿਕਟ ਨੂੰ ਜਾਂ OSPI ਨੂੰ ਸੰਪਰਕ ਕਰੋ:

**OSPI**
**P.O Box 47200**
**Olympia, Washington 98504**
**(360)725-6075**
**speced@k12.wa.us**
**http://www.k12.wa.us/SpecialEd/default.aspx**
**http://www.k12.wa.us/SpecialEd/Families/Assistance.aspx**

ਇਹ ਸਰਕਾਰੀ ਤੌਰ ਤੇ ਫੰਡ ਕੀਤੇ ਸੰਗਠਨ ਵਾਸ਼ਿੰਗਟਨ ਸਟੇਟ ਵਿੱਚ ਵਿਸ਼ੇਸ਼ ਸਿੱਖਿਆ ਸੇਵਾਵਾਂ ਬਾਰੇ ਵਾਧੂ ਜਾਣਕਾਰੀ ਮੁਹੱਈਆ ਕਰਨ ਯੋਗ ਹੋ ਸਕਦੇ ਹਨ:

- Partnerships for Action Voices for Empowerment (PAVE)
  6316 So. 12th St.
  Tacoma, WA 98465
  (800) 5-PARENT (v/tty)
  ਈ-ਮੇਲ: pave@wapave.org
  ਵੈਬਸਾਈਟ: http://www.wapave.org/

- The Office of the Education Ombuds
  155 N.E. 100th St. #210
  Seattle, WA 98125
  (866) 297-2597
  ਈ-ਮੇਲ: OEOinfo@gov.wa.gov
  ਵੈਬਸਾਈਟ: http://www.governor.wa.gov/oeo/

Except where otherwise noted, this work by Office of Superintendent of Public Instruction is licensed under a Creative Commons Attribution 4.0 International License.